ੴ ਵਾਹਿਗੁਰੂ ਜੀ ਕੀ ਫ਼ਤਿਹ

ਗੁਰਮਤਿ ਐਲੀਮੈਂਟਰੀ ਕੋਰਸ

GURMAT ELEMENTARY COURSE

(CORRESPONDENCE COURSE)

LESSON 5

---- ਪ੍ਰਕਾਸ਼ਕ ----

ਗੁਰਮਤਿ ਗਿਆਨ ਮਿਸ਼ਨਰੀ ਕਾਲਜ

ਪੰਜਾਬੀ ਬਾਗ਼, ਲੁਧਿਆਣਾ-141013

ਫੋਨ : 0161-2521700

E-mail: gurmatgian@rediffmail.com

Web: www.gurmatgian.org

ਸਭ ਹੱਕ ਗੁਰੂ ਪੰਥ ਦੇ ਰਾਖਵੇਂ ਹਨ। ਧਰਮ ਪ੍ਰਚਾਰ ਤੇ ਪ੍ਰਸਾਰ ਲਈ ਕੋਈ ਵੀ ਇਸਨੂੰ ਹਵਾਲੇ ਸਹਿਤ ਛਪਵਾ ਕੇ ਵੰਡ ਸਕਦਾ ਹੈ।

ਜੁਲਾਈ 2020

20/- ਰੁਪਏ

ਤਤਕਰਾ

ਵਿਸ਼ਾ ਸੂਚੀ **ਪੰਨਾ**

ਇਤਿਹਾਸ

1. ਗੁਰੂ ਅਰਜੁਨ ਸਾਹਿਬ ਜੀ 3
2. ਮਾਤਾ ਨਾਨਕੀ ਜੀ 7
3. ਕਿੱਲਾ ਪੁੱਟਿਆ 9
4. ਭਾਈ ਮੰਝ ਜੀ 10
5. ਭਾਈ ਗੰਗਾ ਰਾਮ ਜੀ 12
6. ਸ਼ਗਨ-ਅਪਸ਼ਗਨ 14
7. ਨਵਾਬ ਕਪੂਰ ਸਿੰਘ ਜੀ 15
8. ਭਾਈ ਬੋਤਾ ਸਿੰਘ ਗਰਜਾ ਸਿੰਘ ਜੀ 22

ਫਿਲਾਸਫ਼ੀ

9. ਗੁਰੂ 24
10. ਗੁਰਦੁਆਰਾ 30
11. ਗੁਰਬਾਣੀ ਦੇ ਪਾਠ, ਕੀਰਤਨ ਤੇ ਕਥਾ ਦੀ ਮਹੱਤਤਾ 33

ਸ਼ਬਦ-ਵੀਚਾਰ

12. ਗੁਰ ਪੂਰੈ, ਮੇਰੀ ਰਾਖਿ ਲਈ। 35
13. ਆਵਹੁ, ਸਿਖ ਸਤਿਗੁਰੂ ਕੇ ਪਿਆਰਿਹੋ... 36
14. ਦਿਲਹੁ ਮੁਹਬਤਿ ਜਿੰਨ ਸੇਈ ਸਚਿਆ। 37
15. ਹਉ, ਤਿਸੁ ਘੋਲਿ ਘੁਮਾਇਆ..... 38
16. ਗੋਬਿੰਦ ਗੋਬਿੰਦ ਗੋਬਿੰਦ ਸੰਗਿ..... 39

ਜੀਵਨ ਵਿਕਾਸ

17. ਤਣਾਓ ਉੱਤੇ ਕਾਬੂ 41
18. ਸਵੈ-ਵਿਸ਼ਵਾਸ ਕਿਵੇਂ ਪੈਦਾ ਕਰੀਏ? 44

ਪ੍ਰਸ਼ਨ ਪੱਤਰ 47

ਨੋਟ:- ਇਤਿਹਾਸ ਵਿਚ ਆਈਆਂ ਮਿਤੀਆਂ ਨਾਨਕਸ਼ਾਹੀ ਕੈਲੰਡਰ 2003 ਅਨੁਸਾਰ ਹਨ।

ਇਤਿਹਾਸ

1. ਗੁਰੂ ਅਰਜੁਨ ਸਾਹਿਬ ਜੀ

ਗੁਰੂ ਅਰਜੁਨ ਸਾਹਿਬ ਜੀ ਦਾ ਪ੍ਰਕਾਸ਼ 2 ਮਈ 1563 ਨੂੰ ਗੋਇੰਦਵਾਲ ਸਾਹਿਬ ਵਿਖੇ, (ਗੁਰੂ) ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁੱਖੋਂ ਹੋਇਆ। ਆਪ 11 ਸਾਲ ਦੀ ਉਮਰ ਤੱਕ ਗੋਇੰਦਵਾਲ ਹੀ ਰਹੇ। ਨਾਨਾ ਗੁਰੂ ਅਮਰਦਾਸ ਜੀ ਪਾਸੋਂ ਗੁਰਮਤਿ ਦੀ ਲਗਨ ਲੱਗੀ ਤੇ ਗੁਰਸਿੱਖੀ ਵਿਚ ਪ੍ਰਪੱਕ ਹੋਏ। ਜਦੋਂ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾਏ, ਤਾਂ ਆਪ ਪਿਤਾ ਗੁਰੂ ਰਾਮਦਾਸ ਜੀ ਨਾਲ ਗੁਰੂ ਕੇ ਚੱਕ (ਅੰਮ੍ਰਿਤਸਰ ਸਾਹਿਬ) ਵਿਖੇ ਆ ਗਏ।

ਵੇਖਣ ਨੂੰ ਭਾਵੇਂ ਬਾਬਾ ਪ੍ਰਿਥੀ ਚੰਦ ਜੀ ਪਿਤਾ ਗੁਰੂ ਰਾਮਦਾਸ ਜੀ ਵੱਲੋਂ ਸੌਂਪੀਆਂ ਸਰੋਵਰ ਆਦਿਕ ਦੀ ਉਸਾਰੀ ਅਤੇ ਸੰਗਤਾਂ ਦੀ ਰਿਹਾਇਸ਼, ਲੰਗਰ ਆਦਿਕ ਦੀਆਂ ਸੇਵਾਵਾਂ ਬੜੀ ਮਿਹਨਤ ਨਾਲ ਨਿਭਾ ਰਹੇ ਸਨ, ਪਰ ਪਰਖਣ ਵਾਲੀ ਅੱਖ ਤੋਂ ਇਹ ਗੱਲ ਲੁੱਕੀ ਨਾ ਰਹਿ ਸਕੀ ਕਿ (ਗੁਰੂ) ਅਰਜੁਨ ਸਾਹਿਬ ਅਤੇ ਭਾਈ ਪ੍ਰਿਥੀ ਚੰਦ ਦੇ ਰਵੱਈਏ ਅਤੇ ਦ੍ਰਿਸ਼ਟੀ ਕੋਣ ਵਿਚ ਧਰਤੀ ਅਸਮਾਨ ਦਾ ਫ਼ਰਕ ਹੈ। (ਗੁਰੂ) ਅਰਜੁਨ ਸਾਹਿਬ ਜੀ ਦੇ ਅੰਦਰ ਨਿਸ਼ਕਾਮਤਾ ਅਤੇ ਸਰਲਤਾ ਸੀ। ਭਾਈ ਪ੍ਰਿਥੀ ਚੰਦ ਆਪਣੇ ਆਪ ਨੂੰ ਸਿਆਣਾ ਪ੍ਰਬੰਧਕ ਸਮਝ ਕੇ ਇਹ ਆਸਾਂ ਮਿਥਣ ਲੱਗ ਪਿਆ ਕਿ ਗੁਰੂ-ਪਿਤਾ ਤੋਂ ਪਿੱਛੋਂ ਗੁਰਿਆਈ ਲਈ ਯੋਗ ਅਧਿਕਾਰ ਮੇਰਾ ਹੈ। (ਗੁਰੂ) ਅਰਜਨ ਸਾਹਿਬ ਜੀ ਦਾ ਨਿਸ਼ਕਾਮ ਪਿਆਰ ਉਨ੍ਹਾਂ ਨੂੰ ਪਿਤਾ-ਗੁਰੂ ਰਾਮਦਾਸ ਜੀ ਅਤੇ ਗੁਰ ਸੰਗਤਾਂ ਦੇ ਨੇੜੇ ਲਿਆਉਂਦਾ ਗਿਆ, ਪਰ ਭਾਈ ਪ੍ਰਿਥੀ ਚੰਦ ਦਾ ਸੁਆਰਥ ਇਹਨਾਂ ਨੂੰ ਸਤਿਗੁਰੂ ਜੀ ਦੇ ਦਿਲ ਤੋਂ ਦੂਰ ਕਰਦਾ ਗਿਆ। ਇਹ ਸੁਆਰਥ ਵਧਦਿਆਂ-ਵਧਦਿਆਂ ਹਾਲਤ ਇਥੋਂ ਤਕ ਜਾ ਅੱਪੜੀ, ਕਿ ਗੁਰੂ ਰਾਮਦਾਸ ਜੀ ਦੀਆਂ (ਗੁਰੂ) ਅਰਜੁਨ ਸਾਹਿਬ ਵੱਲ ਪੈਂਦੀਆਂ ਪਿਆਰ ਨਿਗਾਹਾਂ ਭਾਈ ਪ੍ਰਿਥੀ ਚੰਦ ਨੂੰ ਰੜਕਣ ਲੱਗ ਪਈਆਂ। ਕਈ ਵਾਰੀ ਭਾਈ ਪ੍ਰਿਥੀ ਚੰਦ ਸਤਿਗੁਰੂ ਜੀ ਨਾਲ ਖਰ੍ਹਵਾ ਵੀ ਹੋਣ ਲੱਗ ਪਿਆ। ਬਾਹਰੋਂ ਸੰਗਤਾਂ ਪਾਸੋਂ ਮਾਇਆ ਤੇ ਰਸਦ ਲਿਆਉਣ ਵਾਲੇ ਮਸੰਦਾਂ ਨਾਲ ਗੱਠ-ਜੋੜ ਵੀ ਕਰਨ ਲੱਗ ਪਿਆ ਤਾਂ ਜੋ ਜੇ ਪਿਤਾ (ਗੁਰੂ) ਆਪ ਮੈਨੂੰ ਗੁਰਿਆਈ ਨਾ ਦੇਣ, ਤਾਂ ਮੁੱਖੀ ਮਸੰਦਾਂ ਤੇ ਪੈਂਚਾਂ ਚੌਧਰੀਆਂ ਦੀ ਹਮਦਰਦੀ ਨਾਲ ਆਪਣਾ ਪੱਲਾ ਭਾਰੀ ਕੀਤਾ ਜਾ ਸਕੇ। ਜਿਸ ਉੱਚ ਵਿਅਕਤੀ ਨੇ ਸਾਧਾਰਨ ਬੰਦਿਆਂ ਦੇ ਸਾਹਮਣੇ ਮਨੁੱਖਤਾ ਦੇ ਪੂਰਨੇ ਪਾਉਣੇ ਹੋਣ, ਉਸ ਨੂੰ ਇਹ ਗੱਲਾਂ ਨਹੀਂ ਸੋਭਦੀਆਂ। ਗੁਰੂ ਰਾਮਦਾਸ ਜੀ ਭਾਈ ਪ੍ਰਿਥੀ ਚੰਦ ਨੂੰ ਸਦਾ ਇਸ ਕੋਝੇ ਵਤੀਰੇ ਵਲੋਂ ਵਰਜਦੇ ਰਹੇ, ਪਰ ਜਿਉਂ-ਜਿਉਂ ਵਰਜਦੇ, ਤਿਉਂ-ਤਿਉਂ ਭਾਈ ਪ੍ਰਿਥੀ ਚੰਦ ਦਾ ਪਿਤਾ-ਗੁਰੂ ਵੱਲ ਰਵੱਈਆ ਮੰਦਾ ਹੁੰਦਾ ਗਿਆ। ਗੁਰੂ ਰਾਮਦਾਸ ਜੀ ਆਪਣਾ ਅੰਤਿਮ ਸਮਾਂ ਨੇੜੇ ਪਹੁੰਚਦਾ ਵੇਖ ਮੁਖੀ ਸਿੱਖਾਂ ਅਤੇ ਪਰਿਵਾਰ ਸਮੇਤ ਗੋਇੰਦਵਾਲ ਸਾਹਿਬ ਚਲੇ ਗਏ।

ਗੁਰੂ ਰਾਮਦਾਸ ਜੀ ਨੇ (ਗੁਰੂ) ਅਰਜੁਨ ਸਾਹਿਬ ਜੀ ਨੂੰ 31 ਅਗਸਤ 1581 ਨੂੰ ਗੁਰਿਆਈ ਬਖਸ਼ ਦਿੱਤੀ, ਨਾਲ ਹੀ ਗੁਰਬਾਣੀ ਦਾ ਸਾਰਾ ਖਜ਼ਾਨਾ, ਜੋ ਉਹਨਾਂ ਕੋਲ

ਪਹਿਲੇ ਗੁਰੂ ਸਾਹਿਬ ਤੇ ਭਗਤਾਂ ਦੀ ਬਾਣੀ ਦਾ ਸੀ, ਉਹ ਵੀ ਬਖਸ਼ ਦਿੱਤਾ। ਇਸ ਤੇ ਭਾਈ ਪ੍ਰਿਥੀ ਚੰਦ ਨਾਰਾਜ਼ ਹੋ ਗਿਆ। ਉਹ ਵੱਡਾ ਹੋਣ ਕਰਕੇ ਗੁਰਿਆਈ ਤੇ ਆਪਣਾ ਹੱਕ ਸਮਝਦਾ ਸੀ।

16 ਸਤੰਬਰ 1581 ਨੂੰ ਗੁਰੂ ਰਾਮਦਾਸ ਜੀ ਗੋਇੰਦਵਾਲ ਵਿਖੇ ਜੋਤੀ ਜੋਤ ਸਮਾਏ। ਉਪਰੰਤ ਗੁਰੂ ਅਰਜਨ ਸਾਹਿਬ ਜੀ ਵਾਪਸ ਗੁਰੂ ਕੇ ਚੱਕ ਆ ਗਏ। ਪ੍ਰਿਥੀ ਚੰਦ ਨੇ ਬਹੁਤ ਵਿਰੋਧਤਾ ਕੀਤੀ, ਪਰ ਗੁਰੂ ਜੀ ਸ਼ਾਂਤ ਚਿਤ ਅਡੋਲ ਰਹੇ। ਇਥੋਂ ਤੱਕ ਕਿ ਅੰਮ੍ਰਿਤਸਰ ਸ਼ਹਿਰ (ਗੁਰੂ ਕਾ ਚੱਕ) ਦੀ ਨਾਕਾਬੰਦੀ ਕਰ ਲਈ। ਸ਼ਹਿਰ ਦੀ ਆਮਦਨ ਆਪ ਰੱਖ ਲੈਂਦੇ ਤੇ ਖਰਚਾ ਗੁਰੂ ਅਰਜੁਨ ਸਾਹਿਬ ਤੇ ਪਾ ਦੇਂਦੇ। ਗੁਰੂ ਦੀਆਂ ਸੰਗਤਾਂ ਜੋ ਦੂਰ-ਦੁਰਾਡੇ ਤੋਂ ਦਰਸ਼ਨਾਂ ਨੂੰ ਆਉਂਦੀਆਂ ਉਸ ਦੇ ਮਸੰਦ ਵਰਗਲਾ ਕੇ ਕਾਰ ਭੇਟ ਉਗਰਾਹ ਲੈਂਦੇ ਅਤੇ ਲੰਗਰ ਲਈ ਗੁਰੂ ਦਰਬਾਰ ਵਿਚ ਭੇਜ ਦਿੰਦੇ। ਇਸ ਤੇ ਗੁਰੂ ਜੀ ਅਤੇ ਸੰਗਤਾਂ ਨੂੰ ਕਈ ਵੇਰ ਭੁੱਜੇ ਛੋਲਿਆਂ ਉੱਤੇ ਗੁਜ਼ਾਰਾ ਕਰਨਾ ਪਿਆ ਅਤੇ ਕਈ ਵੇਰ ਭੁੱਖੇ ਹੀ ਰਹਿਣਾ ਪੈਂਦਾ। ਜਦ ਭਾਈ ਗੁਰਦਾਸ ਜੀ, ਜੋ ਆਗਰੇ ਵਾਲੇ ਪਾਸੇ ਸਿੱਖੀ ਪ੍ਰਚਾਰ ਹਿੱਤ ਗਏ ਹੋਏ ਸਨ, ਵਾਪਸ ਆਏ, ਹਾਲਾਤ ਵੇਖੇ, ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਪ੍ਰਚਾਰ ਦਾ ਹੜ੍ਹ ਵਗਾ ਦਿੱਤਾ, ਭਾਈ ਪ੍ਰਿਥੀ ਚੰਦ ਦੀਆਂ ਕਰਤੂਤਾਂ ਦਾ ਪਾਜ ਉਘਾੜਿਆ, ਹੋਰ ਪ੍ਰਚਾਰਕਾਂ ਨੂੰ ਗੁਰੂ ਅਰਜੁਨ ਸਾਹਿਬ ਜੀ ਨੂੰ ਗੁਰੂ ਸਥਾਪਨ ਹੋਣ ਦੀ ਖਬਰ ਪਹੁੰਚਾਉਣ ਲਈ ਬਾਹਰ ਭੇਜਿਆ। ਸੰਗਤਾਂ ਵਿਚ ਪ੍ਰਚਾਰ ਹੋਣ ਨਾਲ ਕਿਸੇ ਨੇ ਪ੍ਰਿਥੀ ਚੰਦ ਨੂੰ ਮੂੰਹ ਨਾ ਲਾਇਆ।

ਅੰਮ੍ਰਿਤਸਰ ਸਰੋਵਰ ਦੀ ਸੇਵਾ ਦੁਬਾਰਾ ਆਰੰਭ ਕਰਾਈ। ਸਰੋਵਰ ਸੰਨ 1581 ਵਿਚ ਮੁਕੰਮਲ ਹੋਇਆ, ਇਸ ਦਾ ਨਾਂ ਗੁਰੂ ਅਰਜੁਨ ਸਾਹਿਬ ਜੀ ਨੇ '**ਅੰਮ੍ਰਿਤਸਰ**' ਰੱਖਿਆ। ਗੁਰੂ ਅਰਜੁਨ ਸਾਹਿਬ ਨੇ ਸਰੋਵਰ ਦੇ ਵਿਚਕਾਰ ਦਰਬਾਰ ਸਾਹਿਬ ਦੀ ਨੀਂਹ ਆਪਣੇ ਪਿਆਰੇ ਮੁਰੀਦ ਸਾਈਂ ਮੀਆਂ ਮੀਰ ਪਾਸੋਂ ਅਕਤੂਬਰ 1588 ਵਿਚ ਰਖਵਾਈ। ਅੰਮ੍ਰਿਤਸਰ ਸਰੋਵਰ ਦੇ ਨਾਮ ਤੇ ਸ਼ਹਿਰ ਦਾ ਨਾਮ ਵੀ '**ਅੰਮ੍ਰਿਤਸਰ**' ਪ੍ਰਸਿੱਧ ਹੋ ਗਿਆ।

ਸੰਨ 1589 ਵਿਚ ਆਪ ਦਾ ਆਨੰਦ ਕਾਰਜ ਪਿੰਡ ਮਉ (ਮੌਂ) ਤਹਿਸੀਲ ਫਿਲੌਰ ਦੇ ਵਸਨੀਕ ਭਾਈ ਸੰਗਤ ਰਾਇ ਦੀ ਸਪੁੱਤਰੀ ਮਾਤਾ ਗੰਗਾ ਜੀ ਨਾਲ ਹੋਇਆ। ਜਿਹਨਾਂ ਦੀ ਕੁੱਖੋਂ (ਗੁਰੂ) ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ 5 ਜੁਲਾਈ 1595 ਨੂੰ ਹੋਇਆ।

ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਆਪ ਜੀ ਨੇ ਦਸਵੰਧ ਦੀ ਪ੍ਰੰਪਰਾ ਨੂੰ ਵਿਸਥਾਰ ਦਿੱਤਾ ਅਤੇ ਆਦੇਸ਼ ਦਿੱਤਾ ਕਿ ਹਰ ਗੁਰਸਿੱਖ ਆਪਣੀ ਕਿਰਤ-ਕਮਾਈ ਵਿਚੋਂ ਧਰਮ ਕਾਰਜਾਂ ਲਈ ਦਸਵਾਂ ਹਿੱਸਾ ਗੁਰੂ ਦਰਬਾਰ ਭੇਜੇ। ਆਪ ਨੇ ਮਾਝੇ ਦੇ ਪਿੰਡਾਂ ਵਿਚ ਸਿੱਖੀ ਦਾ ਪ੍ਰਚਾਰ ਕੀਤਾ। 1590 ਵਿਚ ਤਰਨ ਤਾਰਨ ਵਸਾਇਆ, ਖਡੂਰ ਸਾਹਿਬ, ਗੋਇੰਦਵਾਲ, ਸਰਹਾਲੀ, ਖਾਨਪੁਰ ਆਦਿ ਸਾਰੇ ਇਲਾਕਿਆਂ ਵਿਚ ਪ੍ਰਚਾਰ ਕੀਤਾ। ਤਰਨ-ਤਾਰਨ ਵਿਖੇ ਇਕ ਦਵਾਖਾਨਾ ਵੀ ਖੁਲਵਾਇਆ, ਜਿਥੇ ਸਰੀਰਕ ਦੁਖਾਂ ਦਾ ਇਲਾਜ ਹੁੰਦਾ ਸੀ, ਅਪੰਗਾਂ ਕੋੜ੍ਹੀਆਂ ਆਦਿ ਦੀ ਦੇਖ-ਰੇਖ ਦਾ ਪ੍ਰਬੰਧ ਵੀ ਇਥੇ ਕੀਤਾ ਗਿਆ।

ਜਲੰਧਰ ਦੇ ਸੂਬੇਦਾਰ ਅਜ਼ੀਮ ਖਾਂ ਨੇ ਗੁਰਸਿੱਖੀ ਧਾਰਨ ਕੀਤੀ ਅਤੇ ਸਿੱਖੀ ਪ੍ਰਚਾਰ ਲਈ ਦੁਆਬੇ ਵਿਚ ਕੇਂਦਰ ਬਣਾਉਣ ਦੀ ਬੇਨਤੀ ਕੀਤੀ। ਗੁਰੂ ਸਾਹਿਬ ਨੇ ਸੰਨ 1593 ਵਿਚ ਕਰਤਾਰਪੁਰ (ਜਲੰਧਰ ਲਾਗੇ) ਵਸਾਇਆ। ਦੁਆਬੇ ਵਿਚ ਅਨੇਕਾਂ ਸਖੀ ਸਰਵਰੀਏ ਲੋਕ ਸਿੱਖ ਬਣੇ। ਸੰਨ 1595 ਵਿਚ ਸਖ਼ਤ ਔੜ ਲਗ ਗਈ। ਪਾਣੀ ਦੀ ਥੁੜ ਨੂੰ ਮੁੱਖ ਰਖ ਕੇ ਖੂਹ ਖੁਦਵਾਏ-ਹਰਟ ਲਵਾਏ। ਪਾਣੀ ਦੀ ਬਹੁਤਾਤ ਲਈ ਛੇ-ਹਰਟਾਂ ਵਾਲਾ ਖੂਹ ਵੀ ਲਵਾਇਆ, ਛੇਹਰਟਾ ਅੱਜ ਇਸ ਗੱਲ ਦੀ ਗਵਾਹੀ ਭਰਦਾ ਹੈ। ਛੇਹਰਟੇ ਦੇ ਨੇੜੇ ਗੁਰੂ ਕੀ ਵਡਾਲੀ ਵਿਖੇ (ਗੁਰੂ) ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਹੋਇਆ।

1597 ਵਿਚ ਲਾਹੌਰ ਵਿਚ ਕਾਲ ਪੈ ਗਿਆ। ਕਾਲ ਦੇ ਕਾਰਣ ਕਈ ਬੀਮਾਰੀਆਂ ਫੈਲ ਗਈਆਂ। ਲਾਹੌਰ ਸ਼ਹਿਰ ਦੀਆਂ ਗਲੀਆਂ ਤੇ ਬਾਜ਼ਾਰ ਮੁਰਦਿਆਂ ਨਾਲ ਭਰੇ ਜਾਣ ਲਗੇ। ਗੁਰੂ ਜੀ ਸਿੱਖਾਂ ਤੇ ਪਰਿਵਾਰ ਸਮੇਤ ਪਹੁੰਚੇ, ਸਾਰਾ ਦਸਵੰਧ ਦੁਖੀਆਂ ਦੇ ਦੁਖ ਵੰਡਾਉਣ ਲਈ ਖਰਚ ਕੀਤਾ। ਆਪਣੇ ਹੱਥੀਂ ਸੇਵਾ ਕੀਤੀ। ਅਕਬਰ ਬਾਦਸ਼ਾਹ ਆਗਰੇ ਤੋਂ ਲਾਹੌਰ ਆਇਆ, ਗੁਰੂ ਸਾਹਿਬ ਦੀ ਸੇਵਾ ਤੋਂ ਪ੍ਰਸੰਨ ਹੋਇਆ ਤੇ ਗੁਰੂ ਜੀ ਦੇ ਕਹਿਣ ਤੇ ਬਾਦਸ਼ਾਹ ਨੇ ਗਰੀਬ ਕਿਸਾਨਾਂ ਦਾ ਮਾਮਲਾ ਮਾਫ ਕਰ ਦਿਤਾ। ਗੁਰੂ ਅਰਜਨ ਸਾਹਿਬ ਨੇ ਚੂਨੇ ਮੰਡੀ ਵਿਚ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਅਸਥਾਨ ਦੀ ਇਮਾਰਤ ਸ਼ੁਰੂ ਕਰਵਾਈ। ਡੱਬੀ ਬਾਜ਼ਾਰ ਵਿਚ ਗੁਰਦੁਆਰਾ ਬਾਉਲੀ ਸਾਹਿਬ ਬਣਵਾਉਣਾ ਆਰੰਭ ਕੀਤਾ। ਇਸ ਤਰ੍ਹਾਂ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲਿਆ। ਯਤੀਮਾਂ ਦੀ ਪਾਲਣਾ ਲਈ ਆਸ਼ਰਮ ਬਣੇ, ਲੰਗਰ ਜਾਰੀ ਕੀਤੇ ਗਏ। ਗੁਰੂ ਅਰਜਨ ਸਾਹਿਬ 8 ਮਹੀਨੇ ਲਾਹੌਰ ਵਿਖੇ ਲੋਕਾਈ ਦੀ ਸੇਵਾ ਕਰਦੇ ਰਹੇ।

ਲਾਹੌਰ ਤੋਂ ਵਾਪਸ ਪਿੰਡਾਂ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਗੁਰੂ ਜੀ ਗੋਇੰਦਵਾਲ ਤੋਂ ਹੋ ਕੇ ਅੰਮ੍ਰਿਤਸਰ ਪੁੱਜੇ। ਥੋੜ੍ਹਾ ਸਮਾਂ ਅੰਮ੍ਰਿਤਸਰ ਠਹਿਰ ਕੇ ਡੇਰਾ ਬਾਬਾ ਨਾਨਕ, ਕਰਤਾਰਪੁਰ, ਕਲਾਨੌਰ, ਬਾਰਠ ਆਦਿਕ ਪਿੰਡਾਂ ਵਿਚ ਦੋ ਸਾਲ ਦਾ ਚੱਕਰ ਲਾ ਕੇ ਸਿੱਖੀ ਪ੍ਰਚਾਰ ਕੀਤਾ। ਸੰਨ 1601 ਵਿਚ ਵਾਪਸ ਅੰਮ੍ਰਿਤਸਰ ਆ ਗਏ। ਦਰਬਾਰ ਸਾਹਿਬ ਅੰਮ੍ਰਿਤਸਰ ਦੀ ਇਮਾਰਤ ਮੁਕੰਮਲ ਹੋ ਚੁੱਕੀ ਸੀ। ਇਸ ਵਿਚ ਰੋਜ਼ਾਨਾ ਸਤਿਸੰਗ ਦੀ ਮਰਿਯਾਦਾ ਕਾਇਮ ਕੀਤੀ। ਅੰਮ੍ਰਿਤਸਰ ਵਾਪਸ ਆਉਣ ਸਮੇਂ ਬਾਲ (ਗੁਰੂ) ਹਰਿਗੋਬਿੰਦ ਜੀ ਨੂੰ ਸੀਤਲਾ (ਚੇਚਕ) ਨਿਕਲ ਆਈ। ਕੁਝ ਹਿੰਦੂ ਨਰ-ਨਾਰੀ ਵੀ ਹਾਲ ਚਾਲ ਪੁੱਛਣ ਆਏ। ਕਈਆਂ ਪ੍ਰੇਰਣਾ ਕੀਤੀ ਕਿ ਸੀਤਲਾ ਦੇ ਮੰਦਰ ਮੱਥਾ ਟਿਕਾਓ। ਗੁਰੂ ਜੀ ਨੇ ਭਰਮੀ ਲੋਕਾਂ ਨੂੰ ਸਮਝਾਇਆ ਕਿ ਸੀਤਲਾ ਕੋਈ ਦੇਵੀ ਨਹੀਂ। ਇਹ ਤਾਂ ਬਿਮਾਰੀ ਹੈ ਤੇ ਇਸ ਦਾ ਇਲਾਜ ਕਰਨਾ ਚਾਹੀਦਾ ਹੈ।

ਦਰਬਾਰ ਸਾਹਿਬ ਅੰਮ੍ਰਿਤਸਰ ਦੀ ਤਿਆਰੀ ਤੋਂ ਬਾਅਦ, ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨ ਦਾ ਕੰਮ ਆਰੰਭ ਕਰਵਾਇਆ। ਸਾਰੀ ਬਾਣੀ ਗੁਰੂ ਸਾਹਿਬਾਨਾਂ ਦੀ ਤੇ ਭਗਤਾਂ ਦੀ ਉਹਨਾਂ ਕੋਲ ਸੀ। ਉਹਨਾਂ ਸੰਪਾਦਨਾ ਦੇ ਇਸ ਮਹਾਨ ਕੰਮ ਦੀ ਭਾਰੀ ਜਿੰਮੇਵਾਰੀ ਭਾਈ ਗੁਰਦਾਸ ਜੀ ਨੂੰ ਸੌਂਪੀ। ਭਾਈ ਗੁਰਦਾਸ ਜੀ ਨੇ ਗੁਰੂ ਸਾਹਿਬ

ਦੀ ਅਗਵਾਈ ਹੇਠ ਰਾਮਸਰ ਸਰੋਵਰ ਦੇ ਕੰਢੇ ਬੈਠ ਕੇ ਸੇਵਾ ਨਿਭਾਈ। ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਪਹਿਲਾ ਪ੍ਰਕਾਸ਼ ਦਰਬਾਰ ਸਾਹਿਬ ਵਿਖੇ 1 ਸਤੰਬਰ 1604 ਵਿਚ ਕੀਤਾ ਗਿਆ। ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪਿਆ ਗਿਆ।

ਗੁਰੂ ਸਾਹਿਬ ਦੇ ਸਮੇਂ ਸਿੱਖ ਧਰਮ ਦੇ ਪ੍ਰਚਾਰ ਦੀ ਵਧ ਰਹੀ ਲਹਿਰ ਨੇ ਜਾਤ ਅਭਿਮਾਨੀਆਂ ਅਤੇ ਸ਼ਰਈ ਮੁਸਲਮਾਨਾਂ ਤੇ ਭਰਵੀਂ ਸੱਟ ਮਾਰੀ। ਭਾਰੀ ਗਿਣਤੀ ਵਿਚ ਉੱਚ ਜਾਤੀਏ ਹਿੰਦੂਆਂ ਤੇ ਮੁਸਲਮਾਨਾਂ ਨੇ ਸਿੱਖ ਧਰਮ ਗ੍ਰਹਿਣ ਕਰ ਲਿਆ, ਲੱਖਾਂ ਦੀ ਗਿਣਤੀ ਵਿਚ ਸ਼ੂਦਰ ਤੇ ਵੈਸ਼ ਅਖਵਾਣ ਵਾਲੇ ਗੁਰੂ ਦੇ ਸਿੱਖ ਸਜੇ। ਬਹੁਤ ਸਾਰੇ ਮੁਸਲਮਾਨਾਂ ਦੇ ਸਿੱਖ ਸਜੋ ਜਾਣ ਨਾਲ ਮੌਲਾਣੇ ਵੀ ਔਖੇ ਹੋਏ। ਸ਼ੇਖ ਅਹਿਮਦ ਸਰਹੰਦੀ ਤੇ ਸ਼ੇਖ ਫਰੀਦ ਬੁਖਾਰੀ ਵਰਗੇ ਜਨੂੰਨੀ ਮੁਸਲਮਾਨਾਂ ਨੇ ਜਹਾਂਗੀਰ ਦਾ ਸਾਥ ਦੇ ਕੇ ਉਸ ਨੂੰ ਅਕਬਰ ਤੋਂ ਬਾਅਦ ਰਾਜ ਗੱਦੀ ਤੇ ਬਿਠਾਇਆ ਅਤੇ ਉਸ ਦੇ ਕੰਨ ਭਰੇ ਕਿ ਸਿੱਖੀ ਦੀ ਇਸ ਲਹਿਰ ਨੂੰ ਖਤਮ ਕਰਨਾ ਚਾਹੀਦਾ ਹੈ। ਇਸ ਕੰਮ ਵਿਚ ਪ੍ਰਿਥੀ ਚੰਦ, ਚੰਦੂ, ਆਦਿ ਗੁਰੂ ਘਰ ਦੇ ਵਿਰੋਧੀਆਂ ਨੇ ਵੀ ਵੱਧ ਚੜ੍ਹ ਕੇ ਹਿੱਸਾ ਪਾਇਆ।

ਜਹਾਂਗੀਰ ਜਦ ਤਖ਼ਤ ਤੇ ਬੈਠਾ, ਤਾਂ ਉਸ ਦਾ ਪੁੱਤਰ ਖੁਸਰੋ ਰਾਜ ਹਥਿਆਉਣ ਲਈ ਬਾਗੀ ਹੋ ਉਠਿਆ। ਮੁਕਾਬਲਾ ਨਾ ਕਰ ਸਕਣ ਕਰਕੇ ਲਾਹੌਰ ਵੱਲ ਦੌੜਿਆ ਤੇ ਗੋਇੰਦਵਾਲ ਸਾਹਿਬ ਤੋਂ ਲੰਘਿਆ। ਸ਼ੇਖ ਫਰੀਦ ਬੁਖਾਰੀ ਨੇ ਇਕ ਝੂਠੀ ਸ਼ਿਕਾਇਤ ਬਾਦਸ਼ਾਹ ਪਾਸ ਲਗਾਈ ਕਿ ਗੁਰੂ ਸਾਹਿਬ ਨੇ ਖੁਸਰੋ (ਜੋ ਕਿ ਜਹਾਂਗੀਰ ਦਾ ਪੁੱਤਰ ਸੀ ਅਤੇ ਉਸ ਦੇ ਖਿਲਾਫ ਬਗਾਵਤ ਕਰਕੇ ਦੌੜਿਆ ਸੀ) ਦੀ ਸਹਾਇਤਾ ਕੀਤੀ ਹੈ ਅਤੇ ਗੋਇੰਦਵਾਲ ਵਿਖੇ ਉਸ ਨੂੰ ਅਸੀਸ ਦਿੱਤੀ ਹੈ। ਅਸਲ ਵਿਚ ਬਗਾਵਤ ਦੇ ਸਾਰੇ ਸਮੇਂ ਗੁਰੂ ਸਾਹਿਬ ਗੋਇੰਦਵਾਲ ਹੀ ਨਹੀਂ ਸਨ। ਬਾਦਸ਼ਾਹ ਜਨੂੰਨੀ ਮੁਸਲਮਾਨਾਂ ਦੀ ਸਹਾਇਤਾ ਨਾਲ ਹੀ ਤਖ਼ਤ ਤੇ ਬੈਠਾ ਸੀ, ਜਿਨ੍ਹਾਂ ਦੀ ਚੁੱਕ ਵਿਚ ਆ ਕੇ ਬਿਨਾਂ ਪੜਤਾਲ ਕੀਤੇ, ਬਾਦਸ਼ਾਹ ਨੇ ਗੁਰੂ ਜੀ ਤੇ ਸਹਾਇਤਾ ਕਰਨ ਦੇ ਝੂਠੇ ਇਲਜ਼ਾਮ ਲਾ ਦਿੱਤੇ ਅਤੇ ਨਾਲ ਹੀ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ। ਗੁਰੂ ਅਰਜੁਨ ਸਾਹਿਬ ਜੀ ਨੂੰ ਲਾਹੌਰ ਬੁਲਾਇਆ ਗਿਆ। ਗੁਰੂ ਸਾਹਿਬ ਹਾਲਾਤ ਮੁਤਾਬਿਕ ਗੁਰਿਆਈ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਸੌਂਪ ਕੇ ਲਾਹੌਰ ਆਏ।

ਅਹਿਲਕਾਰ ਚੰਦੂ ਨੇ ਗੁਰੂ ਅਰਜਨ ਸਾਹਿਬ ਨੂੰ ਸੜਦੇ ਉਬਲਦੇ ਪਾਣੀ ਦੀ ਦੇਗ ਵਿਚ ਬਿਠਾਇਆ। ਫਿਰ ਨੰਗੇ ਪਿੰਡੇ ਉੱਤੇ ਸੜਦੀ ਬਲਦੀ ਤੱਤੀ ਰੇਤ ਪੁਆਈ ਗਈ। ਗੁਰੂ ਸਾਹਿਬ ਨੂੰ ਲੋਹ ਉੱਤੇ ਬਿਠਾ ਕੇ ਹੇਠਾਂ ਅੱਗ ਦਾ ਭਾਂਬੜ ਮਚਾਇਆ ਗਿਆ। ਸਤਿਗੁਰੂ ਜੀ ਦਾ ਸਾਰਾ ਸਰੀਰ ਤਸੀਹਿਆਂ ਨਾਲ ਛਾਨਣੀ ਹੋ ਗਿਆ। ਪਰ ਆਪ ਅਕਾਲ ਪੁਰਖ ਦੇ ਭਾਣੇ ਵਿਚ ਅਡੋਲ ਟਿਕੇ ਰਹੇ। ਇਨ੍ਹਾਂ ਭਿਆਨਕ ਤਸੀਹਿਆਂ ਤੋਂ ਬਾਅਦ ਗੁਰੂ ਜੀ ਨੂੰ ਰਾਵੀ ਦੇ ਪਾਣੀ ਵਿਚ ਵਹਾ (ਰੋੜ੍ਹ) ਦਿੱਤਾ ਗਿਆ। ਇਸ ਤਰ੍ਹਾਂ ਸਿੱਖ ਧਰਮ ਨੂੰ ਸਿਖਰ ਤੇ ਪਹੁੰਚਾ ਕੇ 16 ਜੂਨ 1606 ਨੂੰ ਗੁਰੂ ਅਰਜੁਨ ਸਾਹਿਬ ਜੀ ਨੇ ਸਖਤ ਤਸੀਹੇ ਸਹਾਰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ। ***

2. ਮਾਤਾ ਨਾਨਕੀ ਜੀ

ਮਾਤਾ ਨਾਨਕੀ ਜੀ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਹਿਲ ਹੋਏ ਹਨ। ਆਪ ਜੀ ਨੂੰ ਜਿੱਥੇ ਗੁਰੂ ਅਰਜਨ ਸਾਹਿਬ ਅਤੇ ਮਾਤਾ ਗੰਗਾ ਜੀ ਦੀ ਧਰਮ ਪੁੱਤਰੀ ਭਾਵ ਨੂੰਹ ਹੋਣ ਦਾ ਮਾਣ ਪ੍ਰਾਪਤ ਹੈ, ਉਥੇ ਸੱਤਵੇਂ, ਅੱਠਵੇਂ ਅਤੇ ਦਸਵੇਂ ਪਾਤਸ਼ਾਹ ਜੀ ਦੀ ਦਾਦੀ ਮਾਤਾ ਅਤੇ ਨੌਵੇਂ ਪਾਤਸ਼ਾਹ ਦੀ ਮਾਤਾ ਹੋਣ ਦਾ ਮਾਣ ਵੀ ਹਾਸਲ ਹੈ। ਸੱਤਵੇਂ, ਅੱਠਵੇਂ, ਨੌਵੇਂ ਅਤੇ ਦਸਵੇਂ ਪਾਤਸ਼ਾਹ ਦੀਆਂ ਸਖਸ਼ੀਅਤਾਂ ਯਕੀਨਨ ਹੀ ਜਿੱਥੇ ਗੁਰੂ ਘਰ ਦੀਆਂ ਨਰੋਈਆਂ ਪ੍ਰੰਪਰਾਵਾਂ ਵਿਚ ਘੜੀਆਂ ਗਈਆਂ, ਉਥੇ ਗੁਰੂ ਮਹਿਲਾਂ ਦੀ ਸੁਚੱਜੀ ਅਗਵਾਈ ਵੀ ਸਮੇਂ-ਸਮੇਂ ਮਿਲਦੀ ਰਹੀ ਕਿਉਂਕਿ ਕਿਸੇ ਵੀ ਬੱਚੇ ਦਾ ਜੀਵਨ ਘੜਨ ਵਿਚ ਉਸਦੀ ਮਾਂ ਦਾ ਬਹੁਤ ਹੱਥ ਹੁੰਦਾ ਹੈ। ਸੁਚੱਜੀਆਂ ਮਾਂਵਾਂ ਹੀ ਸੁਚੱਜੀਆਂ ਸਖਸ਼ੀਅਤਾਂ ਘੜਦੀਆਂ ਹਨ। ਇਹੀ ਸੁਚੱਜੀਆਂ ਸਖਸ਼ੀਅਤਾਂ ਅੱਗੋਂ ਸੁਚੱਜਾ ਸਮਾਜ ਅਤੇ ਸੁਚੱਜੀਆਂ ਕੌਮਾਂ ਘੜਨ ਦੇ ਕਾਬਲ ਬਣਦੀਆਂ ਹਨ। ਮਾਤਾ ਨਾਨਕੀ ਜੀ ਐਸੀ ਹੀ ਸੁਚੱਜੀ ਮਾਤਾ ਸਨ। ਸਿਰਫ ਮਾਤਾ ਹੀ ਨਹੀਂ ਸੁਚੱਜੀ ਪਤਨੀ, ਸੁਚੱਜੀ ਦਾਦੀ, ਸੁਚੱਜੀ ਭੈਣ, ਸੁਚੱਜੀ ਗੁਰੂ ਸੇਵਿਕਾ, ਸੁਚੱਜੀ ਅਤੇ ਪਿਆਰ ਭਰੀ ਸੱਸ ਭਾਵ ਹਰ ਰੂਪ ਸੁਚੱਜੇਪਣ ਨਾਲ ਸ਼ਿੰਗਾਰਿਆ ਮਿਲਦਾ ਹੈ। ਆਪ ਜੀ ਦਾ ਅਨੰਦ ਕਾਰਜ 6 ਅਪ੍ਰੈਲ 1613 ਨੂੰ ਛੇਵੇਂ ਪਾਤਸ਼ਾਹ ਨਾਲ ਹੋਇਆ। ਆਪ ਜੀ ਦੇ ਪਿਤਾ ਬਕਾਲੇ ਦੇ ਨਾਮੀ ਗ੍ਰਾਮੀ ਵਸਨੀਕ ਹਰੀ ਚੰਦ ਜੀ ਸਨ। ਪਰਿਵਾਰਕ ਤੌਰ ਤੇ ਮਾਤਾ-ਪਿਤਾ ਤੋਂ ਮਿਲੇ ਚੰਗੇ ਸੰਸਕਾਰ ਅਤੇ ਕੁਦਰਤ ਵੱਲੋਂ ਮਿਲੇ ਸੀਲ, ਸੰਜਮ ਅਤੇ ਭਗਤੀ ਭਾਵ ਕਾਰਣ ਆਪ ਜੀ ਛੇਵੇਂ ਪਾਤਸ਼ਾਹ ਨਾਲ ਸਦਾ ਹੀ ਅਡੋਲ ਖੜੇ ਰਹੇ। ਸਮਾਂ ਭਾਵੇਂ ਯੁੱਧ ਦਾ ਹੋਵੇ ਜਾਂ ਸ਼ਾਤੀ ਦਾ। ਆਪ ਜੀ ਦਾ ਯੋਗਦਾਨ ਗੁਰੂ ਘਰ ਵਿਚ ਸਦਾ ਹੀ ਦ੍ਰਿੜ੍ਹਤਾ ਭਰਪੂਰ ਰਿਹਾ।

ਛੇਵੇਂ ਪਾਤਸ਼ਾਹ ਜੀ ਸਮੇਂ ਹਕੂਮਤ ਨੇ ਚਾਰ ਵਾਰੀ ਸਿੱਖ ਲਹਿਰ ਨੂੰ ਖ਼ਤਮ ਕਰਨ ਲਈ ਹਮਲੇ ਕੀਤੇ, ਪਰ ਹਰ ਵਾਰੀ ਮੂੰਹ ਦੀ ਖਾਧੀ। ਚੌਥੀ ਜੰਗ ਜੋ ਕਰਤਾਰਪੁਰ ਵਿਖੇ ਅਪ੍ਰੈਲ 1635 ਵਿਚ ਹੋਈ ਤੇ ਤਿੰਨ ਦਿਨ ਚਲੀ, ਬੜੀ ਖ਼ੂਨਖ਼ਾਰ ਜੰਗ ਸੀ। ਇਸ ਉਪਰੰਤ ਗੁਰੂ ਹਰਿਗੋਬਿੰਦ ਸਾਹਿਬ ਜੀ ਮਾਝੇ ਦਾ ਇਲਾਕਾ (ਰਾਵੀ ਤੇ ਬਿਆਸ ਵਿਚਕਾਰਲਾ ਇਲਾਕਾ, ਅੰਮ੍ਰਿਤਸਰ ਆਦਿ) ਛੱਡ ਕੇ ਸੰਗਤਾਂ ਤੇ ਪਰਿਵਾਰ ਸਮੇਤ ਕੀਰਤਪੁਰ ਸਾਹਿਬ (ਜ਼ਿਲ੍ਹਾ ਰੋਪੜ) ਚਲੇ ਗਏ। ਮਾਝੇ ਦੇ ਇਲਾਕੇ ਲਈ ਆਪ ਜੀ (ਗੁਰੂ) ਬਾਬਾ ਤੇਗ ਬਹਾਦਰ ਸਾਹਿਬ ਜੀ ਨੂੰ ਮੁਖੀ ਪ੍ਰਚਾਰਕ ਥਾਪ ਗਏ। ਕਿਉਂਜੋ ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ (ਮਹਿਲ ਗੁਰੂ ਤੇਗ ਬਹਾਦਰ ਸਾਹਿਬ) ਬਕਾਲਾ ਨਿਵਾਸੀ ਸਨ, ਇਸ ਲਈ ਪ੍ਰਚਾਰ ਕੇਂਦਰ ਬਕਾਲੇ ਵਿਖੇ ਸਥਾਪਤ ਕੀਤਾ ਗਿਆ। ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ, ਬਾਬਾ (ਗੁਰੂ) ਤੇਗ ਬਹਾਦਰ ਸਾਹਿਬ ਨਾਲ ਇਸ ਕੇਂਦਰ ਵਿਚ ਸੇਵਾ ਲਈ ਜੁਟ ਗਏ।

1644 ਵਿਚ ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤ ਸਮਾਏ, ਉਪਰੰਤ ਗੁਰੂ ਹਰਿ ਰਾਇ ਸਾਹਿਬ (ਪੋਤਾ ਗੁਰੂ ਹਰਿ ਗੋਬਿੰਦ ਸਾਹਿਬ) ਤਖ਼ਤ ਪੁਰ ਬਿਰਾਜਮਾਨ ਹੋਏ। ਗੁਰੂ

ਹਰਿ ਰਾਇ ਸਾਹਿਬ ਵੇਲੇ ਸਿੱਖੀ ਦਾ ਪ੍ਰਚਾਰ ਇੰਨਾ ਹੋਇਆ ਕਿ ਵੱਡੇ-ਵੱਡੇ ਭਗਤ ਵੀ ਗੁਰੂ ਘਰ ਦੇ ਸ਼ਰਧਾਲੂ ਬਣੇ, ਇਨ੍ਹਾਂ 'ਚੋਂ ਭਗਤ ਭਗਵਾਨ ਰਾਇ, ਜੋ ਕਿ ਬਿਹਾਰ ਦੇ ਸਨ ਤੇ ਜਿਨ੍ਹਾਂ ਦੇ 360 ਕੇਂਦਰ ਸਨ, ਉਹਨਾਂ ਆਪਣੇ ਕੇਂਦਰਾਂ ਦੇ ਮੁਖੀਆਂ ਸਮੇਤ ਕੀਰਤਪੁਰ ਸਾਹਿਬ ਆਪ ਤੇ ਆਪਣਿਆਂ ਚੇਲਿਆਂ ਸਮੇਤ ਸਿੱਖੀ ਧਾਰਨ ਕੀਤੀ। ਉਸ ਦੀ ਬੇਨਤੀ ਪੁਰ ਕਿ ਬਿਹਾਰ, ਉੜੀਸਾ ਤੇ ਬੰਗਾਲ ਦੇ ਇਲਾਕਿਆਂ ਵਿਚ ਜਿੱਥੇ ਉਹਨਾਂ ਦੇ ਪ੍ਰਚਾਰ ਕੇਂਦਰ ਸਨ, ਪ੍ਰਚਾਰ ਲਈ ਤੇ ਯੋਗ ਅਗਵਾਈ ਲਈ ਪ੍ਰਚਾਰਕ ਭੇਜੇ ਜਾਣ। ਉਹਨਾਂ ਦੀ ਲੋੜ ਨੂੰ ਮੁੱਖ ਰੱਖਦਿਆਂ ਗੁਰੂ ਹਰਿ ਰਾਇ ਸਾਹਿਬ ਜੀ ਨੇ ਬਾਬਾ (ਗੁਰੂ) ਤੇਗ਼ ਬਹਾਦਰ ਸਾਹਿਬ ਜੀ ਨੂੰ ਪੂਰਬੀ ਭਾਰਤ ਦੇ ਪ੍ਰਚਾਰ ਦੌਰੇ ਤੇ ਭਗਤ ਭਗਵਾਨ ਜੀ ਦੇ ਡੇਰਿਆਂ ਦੀ ਸੇਵਾ ਸੰਭਾਲ ਤੇ ਅਗਵਾਈ ਲਈ 1656 ਵਿਚ ਸੇਵਾ ਲਾਈ।

ਬਾਬਾ (ਗੁਰੂ) ਤੇਗ਼ ਬਹਾਦਰ ਸਾਹਿਬ ਜੀ, ਮਾਤਾ ਨਾਨਕੀ, ਮਾਤਾ ਗੁਜਰੀ ਜੀ ਤੇ ਹੋਰ ਕਾਫੀ ਸਾਰੇ ਮੁਖੀ ਪ੍ਰਚਾਰਕਾਂ ਨੂੰ ਨਾਲ ਲੈ ਕੇ ਲਗਪਗ 8 ਸਾਲ ਪੂਰਬੀ ਭਾਰਤ ਦੇ ਦੌਰੇ ਤੇ ਪ੍ਰਚਾਰ ਤੇ ਰਹੇ। 1661 ਵਿਚ ਜਦ ਗੁਰੂ ਹਰਿ ਰਾਇ ਸਾਹਿਬ ਜੀ ਜੋਤੀ ਜੋਤ ਸਮਾਏ, ਉਸ ਸਮੇਂ (ਗੁਰੂ) ਤੇਗ਼ ਬਹਾਦਰ ਸਾਹਿਬ ਜੀ ਪੂਰਬੀ ਭਾਰਤ ਦੇ ਦੌਰੇ ਤੇ ਹੀ ਸਨ। 1661 ਵਿਚ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਗੁਰਗੱਦੀ ਸੰਭਾਲੀ ਤੇ 1664 ਈ ਨੂੰ ਜਦ ਦਿੱਲੀ ਵਿਖੇ ਜੋਤੀ ਜੋਤ ਸਮਾਉਣ ਲੱਗੇ, ਉਸ ਸਮੇਂ ਗੁਰਿਆਈ ਬਖ਼ਸ਼ਣ ਲਈ ਬਾਬਾ (ਗੁਰੂ) ਤੇਗ਼ ਬਹਾਦਰ ਸਾਹਿਬ ਜੀ ਨੂੰ ਦਿੱਲੀ ਬੁਲਾਇਆ ਗਿਆ, ਉਸ ਸਮੇਂ ਵੀ ਮਾਤਾਵਾਂ ਨਾਲ ਹੀ ਸਨ।

ਗੁਰਿਆਈ ਦੀ ਬਖ਼ਸ਼ਿਸ਼ ਲੈ ਕੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਹੁਕਮ ਮੁਤਾਬਕ ਬਕਾਲੇ ਆ ਗਏ। 1665 ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਮਾਖੋਵਾਲ ਤੇ ਨਵਾਂ ਚੱਕ ਵਸਾਇਆ, ਤਾਂ ਇਸ ਦਾ ਨਾਮ ਚੱਕ ਨਾਨਕੀ ਜੀ ਰੱਖਿਆ, ਬਾਅਦ ਵਿਚ ਇਸਦਾ ਨਾਮ ਅਨੰਦਪੁਰ ਸਾਹਿਬ ਪੈ ਗਿਆ।

1665 ਤੋਂ 1670 ਤਕ ਗੁਰੂ ਤੇਗ਼ ਬਹਾਦਰ ਸਾਹਿਬ ਪੂਰਬੀ ਭਾਰਤ ਦੇ ਦੌਰੇ ਤੇ ਗਏ। ਮਾਤਾਵਾਂ ਵੀ ਨਾਲ ਸਨ। 1666 ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪਟਨੇ ਵਿਖੇ ਹੋਇਆ। 1675 ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦਿੱਲੀ ਵਿਖੇ ਹੋਈ। ਉਪਰੰਤ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੀਤੇ ਜਾ ਰਹੇ ਸਿੱਖੀ ਪ੍ਰਚਾਰ-ਪ੍ਰਸਾਰ ਦੇ ਅਹਿਮ ਕੰਮਾਂ ਵਿਚ ਸਹਿਯੋਗ ਦੇਂਦੇ ਰਹੇ ਤੇ 1678 ਵਿਚ ਗੁਰਪੁਰੀ ਪਧਾਰੇ।

ਸਖਸ਼ੀਅਤ:- ਮਾਤਾ ਨਾਨਕੀ ਜੀ ਦੀ ਸੰਪੂਰਣ ਸਖਸ਼ੀਅਤ ਵਿਚੋਂ ਪਿਆਰ, ਨਿਮਰਤਾ, ਸਹਿਣ-ਸ਼ੀਲਤਾ, ਅਗਵਾਈ, ਭਾਣੇ ਵਿਚ ਰਹਿਣਾ, ਯੋਗ ਪ੍ਰਬੰਧਕ ਹੋਣਾ ਅਤੇ ਹੋਰ ਐਸੇ ਬੇਅੰਤ ਗੁਣ ਸਨ, ਜਿਨ੍ਹਾਂ ਨੇ 1613 ਈ. ਤੋਂ 1678 ਈ. ਤਕ ਲਗਪਗ 65 ਸਾਲ ਗੁਰੂ ਘਰ ਵਿਚ ਚੰਗੀਆਂ ਸਖਸ਼ੀਅਤਾਂ ਵੀ ਘੜੀਆਂ, ਪ੍ਰਬੰਧ ਵੀ ਸੰਭਾਲੇ, ਲੋੜ ਪੈਣ ਤੇ ਅਗਵਾਈਆਂ ਵੀ ਦਿੱਤੀਆਂ, ਪਰ ਸਦਾ ਹੀ ਨਿਸ਼ਕਪਟ, ਨਿਰਵੈਰ ਅਤੇ ਈਰਖਾ-ਰਹਿਤ ਹੋ ਕੇ ਸਮਰਪਣ ਦੀ ਭਾਵਨਾ ਨਾਲ ਸੇਵਾ ਕੀਤੀ।

3. ਕਿੱਲਾ ਪੁੱਟਿਆ

ਸਿੱਖੀ ਦੇ ਪ੍ਰਚਾਰ ਤੇ ਸੰਭਾਲ ਲਈ ਜਿਥੇ ਗੁਰਬਾਣੀ ਦਾ ਪ੍ਰਚਾਰ ਹੁੰਦਾ, ਨਾਲ-ਨਾਲ ਸਰੀਰਕ ਤਿਆਰੀ ਵੀ ਹੁੰਦੀ ਕਿਉਂਕਿ ਸਿੱਖ ਫਿਲਾਸਫੀ ਇਹ ਸਮਝਾਉਂਦੀ ਹੈ :-

ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ॥ (ਪੰਨਾ-554)

ਗੁਰਮਤਿ ਦ੍ਰਿੜ ਕਰਾਉਂਦੀ ਹੈ ਕਿ ਜਦ ਤੱਕ ਸਰੀਰਕ ਬਲ ਨਹੀਂ, ਉਦੋਂ ਤੱਕ ਇਨਸਾਨ ਭਗਤੀ, ਸੇਵਾ, ਵੰਡ ਛਕਣਾ ਦੇ ਗੁਣ ਗ੍ਰਹਿਣ ਹੀ ਨਹੀਂ ਕਰ ਸਕਦਾ। ਗੁਰਮਤਿ ਨੇ ਇਹ ਦਰਸਾਇਆ ਹੈ ਕਿ ਮਰੀਅਲ ਸਰੀਰ ਕੁਝ ਨਹੀਂ ਕਰ ਸਕਣਗੇ। ਇਸੇ ਲਈ ਹੀ ਸਾਹਿਬ ਗੁਰੂ ਅੰਗਦ ਸਾਹਿਬ ਨੇ ਸਰੀਰਕ ਤਿਆਰੀ ਲਈ ਗੁਰਸਿੱਖਾਂ ਲਈ ਅਖਾੜੇ ਪ੍ਰਾਰੰਭ ਕੀਤੇ ਸਨ ਅਤੇ ਇਹ ਗੁਰੂ ਘਰ ਵਿਚ ਆਮ ਪ੍ਰਚਲਿਤ ਹੋ ਗਏ ਸਨ। ਇਸੇ ਹੀ ਲੜੀ ਵਿਚ ਜਦੋਂ ਅਸੀਂ ਪੰਜਵੇਂ ਪਾਤਸ਼ਾਹ ਦੇ ਜੀਵਨ ਵੱਲ ਝਾਤੀ ਮਾਰੀਏ, ਤਾਂ ਅਸਚਰਜ ਰਹਿ ਜਾਈਦਾ ਹੈ।

ਗੁਰੂ ਅਰਜੁਨ ਸਾਹਿਬ ਜੀ ਦਾ ਅਨੰਦ ਕਾਰਜ ਗੁਰੂ ਘਰ ਦੇ ਅਨਿੰਨ ਸਿੱਖ ਭਾਈ ਸੰਗਤ ਰਾਇ ਦੀ ਸਪੁੱਤਰੀ ਗੰਗਾ ਜੀ ਨਾਲ ਪ੍ਰਵਾਨ ਕੀਤਾ ਗਿਆ। ਆਪ ਜੀ ਫਿਲੌਰ ਦੇ ਨੇੜੇ ਜ਼ਿਲ੍ਹਾ ਜਲੰਧਰ ਦੇ ਲਾਗੇ ਪਿੰਡ ਮਉ ਦਾ ਰਹਿਣ ਵਾਲੇ ਸਨ। ਮਰਯਾਦਾ ਅਨੁਸਾਰ ਗੁਰੂ ਸਾਹਿਬ ਆਪਣੇ ਮੁੱਖੀ ਗੁਰਸਿੱਖਾਂ ਨੂੰ ਨਾਲ ਲੈ ਪਿੰਡ ਮਉ ਜਾ ਢੁਕੇ।

ਗੁਰੂ ਅਰਜੁਨ ਸਾਹਿਬ ਜੀ ਦੇ ਸਮੇਂ ਸਿੱਖੀ ਅੰਦਰ ਕੀ ਮੁਸਲਮਾਨ, ਕੀ ਹਿੰਦੂ ਤੇ ਕੀ ਨੀਚ-ਊਚ ਜਾਤ ਦੇ ਲੋਕ ਸਿੱਖੀ ਵਿਚ ਪ੍ਰਵੇਸ਼ ਕਰ ਚੁੱਕੇ ਸਨ, ਭਾਵੇਂ ਉਨ੍ਹਾਂ ਦੇ ਨਾਂ ਨਹੀਂ ਸਨ ਬਦਲੇ ਜਾਂਦੇ। ਲੋਕਾਂ ਦੀ ਨਿਗਾਹ ਵਿਚ ਉਹ ਅਜੇ ਮੁਸਲਮਾਨ ਜਾਂ ਹਿੰਦੂ ਹੀ ਹੁੰਦੇ ਸਨ, ਪਰ ਸਿੱਖੀ ਵਿਚ ਪ੍ਰਵੇਸ਼ ਉਪਰੰਤ ਉਨ੍ਹਾਂ ਨੇ ਸਿੱਖ ਧਰਮ ਅਪਣਾ ਲਿਆ ਸੀ। ਪਿੰਡ ਦੇ ਬ੍ਰਾਹਮਣਾਂ, ਜਾਤ ਅਭਿਮਾਨੀ ਖੱਤਰੀਆਂ ਨੇ ਜਦ ਵੇਖਿਆ ਕਿ ਗੁਰੂ ਸਾਹਿਬ ਨਾਲ ਹਰ ਸ਼ਰੇਣੀ ਦੇ ਗੁਰਸਿੱਖ ਹਨ, ਉਹ ਬਹੁਤ ਔਖੇ ਹੋਏ ਤੇ ਕਲਪੇ ਕਿ ਅਸੀਂ ਇਹ ਕਿਵੇਂ ਪ੍ਰਵਾਨ ਕਰੀਏ ਕਿ ਖੱਤਰੀ ਦੇ ਘਰ ਢੁਕਾਅ ਹੋਵੇ ਪਰ ਬਰਾਤ ਵਿਚ ਸ਼ੂਦਰ ਤੇ ਮੁਸਲਮਾਨ ਵੀ ਆਉਣ। ਇਸ ਉੱਤੇ ਪਿੰਡ ਵਾਲਿਆਂ ਪੰਚਾਇਤ ਕੀਤੀ। ਬਰਾਤ ਵਾਪਸ ਮੋੜਨ ਲਈ ਵਿਉਂਤਾਂ ਘੜਨ ਲੱਗੇ। ਆਖਿਰ ਇਹ ਵਿਉਂਤ ਬਣੀ ਕਿ ਇਹ ਕਿਹਾ ਜਾਵੇ ਕਿ ਸਾਡੇ ਪਿੰਡ ਦਾ ਰਿਵਾਜ ਹੈ ਕਿ ਜਦ ਕੋਈ ਵਿਆਹ ਹੁੰਦਾ ਹੈ ਤਾਂ ਨੀਂਗਰ (ਲਾੜਾ) ਨੂੰ ਕਿੱਲਾ ਨੇਜ਼ੇ ਨਾਲ ਪੁੱਟਣਾ ਪੈਂਦਾ ਹੈ। ਪਰ ਸ਼ਰਾਰਤ ਉਹਨਾਂ ਇਹ ਕੀਤੀ ਕਿ ਇਕ ਜੰਡ ਦੇ ਦਰਖੱਤ ਨੂੰ ਉਤੋਂ ਛਿੱਲ ਛਿਲਾ ਕੇ ਕਿੱਲੇ ਦੀ ਤਰ੍ਹਾਂ ਬਣਾ ਦਿੱਤਾ। ਉਹਨਾਂ ਨੂੰ ਨਿਸ਼ਚਾ ਸੀ ਕਿ ਜੜ੍ਹਾਂ ਸਮੇਤ ਕਿਹੜਾ ਜੰਡ ਪੁੱਟਿਆ ਜਾਣਾ ਹੈ? ਉਹਨਾਂ ਆ ਬੇਨਤੀ ਕੀਤੀ, ਤਾਂ ਗੁਰੂ ਸਾਹਿਬ ਹੱਸ ਪਏ ਤੇ ਗੁਰੂ ਸਾਹਿਬ ਨੇ ਨੇਜ਼ਾ ਹੱਥ ਵਿਚ ਲੈ ਕੇ ਘੋੜੇ ਤੇ ਸਵਾਰ ਹੋ ਕੇ ਇਕੋ ਹੀ ਹੱਲੇ ਵਿਚ ਜੰਡ ਦਾ ਕਿੱਲਾ, ਜੋ ਜੜ੍ਹਾਂ ਸਮੇਤ ਸੀ, ਪੁੱਟ ਕੇ ਰੱਖ ਦਿੱਤਾ। ਪਿੰਡ ਦੇ ਸਾਰੇ ਚੌਧਰੀ ਤੇ ਬ੍ਰਾਹਮਣ ਆਪਣੀ ਸ਼ਰਾਰਤ ਉੱਤੇ ਬਹੁਤ ਘਬਰਾਏ ਤੇ ਦੌੜ ਗਏ। ਸਾਰਾ ਪਿੰਡ ਆ ਹਾਜ਼ਰ ਹੋਇਆ ਤੇ ਖਿਮਾ ਮੰਗੀ। ਇਥੋਂ ਤੱਕ ਕਿ ਮਾਤਾ ਗੰਗਾ ਜੀ ਆਪ ਹਾਜ਼ਰ ਹੋਏ ਤੇ ਬੇਨਤੀ ਕੀਤੀ ਕਿ,

"ਸੱਚੇ ਪਾਤਸ਼ਾਹ ਸਾਡਾ ਕੀ ਕਸੂਰ ਹੈ, ਕਸੂਰ ਤਾਂ ਜਾਤ ਅਭਿਮਾਨੀਆਂ, ਪੰਡਤਾਂ-ਪ੍ਰੋਹਿਤਾਂ ਦਾ ਹੈ, ਜੋ ਗੁਰੂ ਘਰ ਨਾਲ ਮੁੱਢ ਤੋਂ ਖਹਿੰਦੇ ਆਏ ਹਨ।" 20 ਜੂਨ 1589 ਵਿਚ ਗੁਰੂ ਸਾਹਿਬ ਜੀ ਦਾ ਅਨੰਦ ਕਾਰਜ ਹੋਇਆ। ਇਨ੍ਹਾ ਦੇ ਗ੍ਰਹਿ ਵਿਖੇ (ਗੁਰੂ) ਹਰਿਗੋਬਿੰਦ ਸਾਹਿਬ 5 ਜੁਲਾਈ 1595 ਵਿਚ ਪਰਗਟੇ। ਸੋ ਇਹ ਸਪੱਸ਼ਟ ਹੁੰਦਾ ਹੈ ਕਿ ਜਿਥੇ ਗੁਰੂ ਅਰਜੁਨ ਸਾਹਿਬ ਇਕ ਮਹਾਨ ਸ਼ਖਸ਼ੀਅਤ ਅਤੇ ਗੁਰਬਾਣੀ ਦੇ ਪੁੰਜ ਸਨ, ਉੱਥੇ ਨਾਲ-ਨਾਲ ਘੋੜ ਸਵਾਰੀ, ਸ਼ਸਤਰ ਵਿੱਦਿਆ ਵਿਚ ਵੀ ਲਾਸਾਨੀ ਨਿਪੁੰਨ ਸੀ।

***

4. ਭਾਈ ਮੰਝ ਜੀ

ਭਾਈ ਮੰਝ ਪਿੰਡ ਕੰਗ ਮਾਈ (ਹੁਸ਼ਿਆਰਪੁਰ) ਦਾ ਰਹਿਣ ਵਾਲਾ ਸੀ। ਇਹ ਸਖੀ ਸਰਵਰ (ਅੱਧਾ ਹਿੰਦੂ, ਅੱਧਾ ਮੁਸਲਮਾਨ) ਦਾ ਪੁਜਾਰੀ ਸੀ। ਇਸ ਨੇ ਆਪਣੇ ਘਰ ਇਕ ਪੀਰਖ਼ਾਨਾ (ਕਬਰ) ਵੀ ਬਣਾਇਆ ਹੋਇਆ ਸੀ, ਜਿਸ ਤੇ ਹਰ ਵੀਰਵਾਰ ਨੇਮ ਨਾਲ, ਮਿੱਠੀ ਰੋਟੀ ਚੜ੍ਹਾਉਂਦਾ ਸੀ। ਜਿਥੇ ਇਨ੍ਹਾਂ ਦੇ ਆਗੂ ਦੀ ਕਬਰ ਸੀ। ਸੰਨ 1585 ਦੀ ਗੱਲ ਹੈ ਕਿ ਇਹ ਜੱਥੇ ਸਮੇਤ ਨਗਾਹੇ ਤੋਂ ਹੋ ਕੇ ਵਾਪਸ ਪਿੰਡ ਜਾ ਰਿਹਾ ਸੀ ਕਿ ਅੰਮ੍ਰਿਤਸਰ ਠਹਿਰ ਗਿਆ। ਕੀ ਵੇਖਦਾ ਹੈ, ਸੰਗਤਾਂ ਬੜੇ ਚਾਅ-ਮਲਾਰ ਨਾਲ ਕਾਰਸੇਵਾ ਕਰ ਰਹੀਆਂ ਨੇ ਅਤੇ ਬੜੀ ਮਿੱਠੀ ਆਵਾਜ਼ ਵਿਚ ਬਾਣੀ ਪੜ੍ਹ ਰਹੀਆਂ ਹਨ। ਦੂਜੇ ਪਾਸੇ ਗੁਰੂ ਕਾ ਲੰਗਰ ਤਿਆਰ ਹੋ ਰਿਹਾ ਹੈ। ਉਥੇ ਵੀ ਬਾਣੀ ਦਾ ਪ੍ਰਵਾਹ ਚੱਲ ਰਿਹਾ ਹੈ। ਸੰਗਤਾਂ ਦੀ ਸ਼ਰਧਾ ਤੇ ਚਾਅ ਨੂੰ ਵੇਖ ਕੇ ਇਸ ਦੇ ਮਨ ਅੰਦਰ ਪ੍ਰੇਮ ਦੀ ਖਿੱਚ ਪਈ। ਸ਼ਾਮ ਦਾ ਦੀਵਾਨ ਗੁਰੂ ਅਰਜੁਨ ਸਾਹਿਬ ਜੀ ਦੀ ਹਜ਼ੂਰੀ ਵਿਚ ਸਜਿਆ, ਰਬਾਬੀਆਂ ਨੇ ਕੀਰਤਨ ਕੀਤਾ, ਗੁਰਬਾਣੀ ਵਿਚਾਰ ਹੋਏ। ਸੰਗਤਾਂ ਰਸ ਮਾਣ ਰਹੀਆਂ ਸਨ। ਜਿਸ ਦਾ ਭਾਈ ਮੰਝ ਉੱਤੇ ਬੜਾ ਗਹਿਰਾ ਅਸਰ ਪਇਆ। ਦੀਵਾਨ ਦੀ ਸਮਾਪਤੀ ਹੋਈ। ਕੁਝ ਸੰਗਤਾਂ ਜੋ ਪਹਿਲੀ ਵਾਰੀ ਆਈਆਂ ਸਨ, ਗੁਰੂ ਸਾਹਿਬ ਨਾਲ ਬਚਨ ਬਿਲਾਸ ਲਈ ਬੈਠ ਗਈਆਂ। ਭਾਈ ਮੰਝ ਜੀ ਵੀ ਉਥੇ ਬੈਠ ਗਏ ਤੇ ਬੇਨਤੀ ਕੀਤੀ ਕਿ, "ਪਾਤਸ਼ਾਹ ਜੀਓ ! ਮੈਨੂੰ ਸਿੱਖੀ ਦੀ ਦਾਤ ਬਖਸ਼ੋ ।" ਗੁਰੂ ਸਾਹਿਬ ਜੀ ਨੇ ਪੁੱਛਿਆ ਤੁਸੀਂ ਕੌਣ ਹੋ ਤੇ ਕੀ ਕਰਦੇ ਹੋ? ਭਾਈ ਮੰਝ ਜੀ ਨੇ ਕਿਹਾ, "ਮੇਰਾ ਨਾਮ ਤੀਰਥਾ ਹੈ, ਮੇਰਾ ਪਿੰਡ ਕੰਗਮਾਈ ਹੈ, ਮੈਂ ਸਖੀ ਸਰਵਰੀਆਂ ਦਾ ਆਗੂ ਹਾਂ। ਮੇਰੇ ਘਰ ਪੀਰਖਾਨਾ ਬਣਿਆ ਹੋਇਆ ਹੈ, ਜਿਥੇ ਹਰ ਵੀਰਵਾਰ ਮੇਰੇ ਚੇਲੇ ਆਉਂਦੇ ਹਨ, ਮੰਨਤਾਂ ਮੰਗਦੇ ਹਨ ਤੇ ਮੈਂ ਬਾਬੇ ਨਗਾਹੇ ਦੀ ਸਿਖਿਆ ਦਿੰਦਾ ਹਾਂ।

ਗੁਰੂ ਸਾਹਿਬ ਨੇ ਸਮਝਾਇਆ ,"ਸਿੱਖੀ ਉੱਤੇ ਸਿੱਖੀ ਨਹੀਂ ਟਿਕ ਸਕਦੀ।" ਜੇ ਤੂੰ ਗੁਰੂ ਨਾਨਕ ਸਾਹਿਬ ਜੀ ਦਾ ਸਿੱਖ ਬਣਨਾ ਹੀ ਹੈ ਤਾਂ ਸਭ ਤੋਂ ਪਹਿਲਾਂ ਇਕ ਪਰਮਾਤਮਾ ਉੱਤੇ ਅਟੱਲ ਵਿਸ਼ਵਾਸ ਲਿਆਉਣਾ ਹੈ, ਕਿਸੇ ਗੌਰ, ਮੜ੍ਹੀ ਤੇ ਪੀਰਖਾਨੇ ਨੂੰ ਨਹੀਂ ਮੰਨਣਾ। ਤੈਨੂੰ ਆਪਣਾ ਜੀਵਨ ਢੰਗ ਬਦਲਣਾ ਹੋਵੇਗਾ। ਧਰਮ ਦੀ ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ ਸਿੱਖੀ ਦਾ ਮੂਲ ਹੈ। ਭਾਈ ਮੰਝ ਗੁਰੂ ਸਾਹਿਬ ਜੀ ਦਾ ਉਪਦੇਸ਼ ਲੈ ਕੇ ਘਰ ਆ ਗਿਆ। ਆਪਣੇ ਘਰ ਜਾ ਕੇ ਪੀਰ ਦੀ ਕਬਰ ਢਾਹ ਦਿੱਤੀ। ਰੋਟ (ਮਿੱਠੀ

ਰੋਟੀ) ਪਕਾਉਣੇ ਬੰਦ ਕਰ ਦਿੱਤੇ। ਭੁੰਜੇ ਸੌਣਾ ਵੀ ਬੰਦ ਕਰ ਦਿੱਤਾ। ਧਾਗੇ, ਤਵੀਤ ਦੇਣੇ ਤਿਆਗ ਦਿੱਤੇ। ਉਸਨੇ ਐਲਾਨ ਕਰ ਦਿੱਤਾ ਕਿ ਮੈਂ ਹੁਣ ਸਖੀ ਸਰਵਰ ਦਾ ਪੁਜਾਰੀ ਨਹੀਂ ਹਾਂ। ਮੈਂ ਤਾਂ ਹੁਣ ਗੁਰੂ ਨਾਨਕ ਸਾਹਿਬ ਜੀ ਦਾ ਸਿੱਖ ਬਣ ਗਿਆ ਹਾਂ, ਹੁਣ ਮੈਂ ਧਰਮ ਦੀ ਕਿਰਤ ਕਰਾਂਗਾ, ਇਕ ਵਾਹਿਗੁਰੂ ਜੀ ਦਾ ਨਾਮ ਜਪਾਂਗਾ ਤੇ ਵੰਡ ਕੇ ਛਕਾਂਗਾ। ਜੋ ਵੀ ਮੇਰੇ ਕੋਲ ਤੁਹਾਡਾ ਧਨ ਮਾਲ ਹੈ, ਉਸਨੂੰ ਲੈ ਜਾਓ। ਮੈਨੂੰ ਹੁਣ ਤੁਹਾਡੇ ਧਨ ਮਾਲ ਦੀ ਜ਼ਰੂਰਤ ਨਹੀਂ ਹੈ। ਮੈਂ ਹੁਣ ਆਪਣੇ ਹੱਥੀਂ ਕਿਰਤ ਕਰਾਂਗਾ ਤੇ ਆਪਣੀ ਮਿਹਨਤ ਦੀ ਕਮਾਈ ਤੋਂ ਹੀ ਗੁਜ਼ਾਰਾ ਕਰਾਂਗਾ। ਮੈਨੂੰ ਹੁਣ ਐਸੀ ਝੂਠੀ ਚੌਧਰ ਦੀ ਵੀ ਲੋੜ ਨਹੀਂ ਹੈ। ਸਾਰੇ ਲੋਕੀਂ ਉਸਦੇ ਦੁਸ਼ਮਣ ਬਣ ਗਏ। ਉਸ ਨੇ ਹਲ ਵਾਹੁਣਾ ਸ਼ੁਰੂ ਕਰ ਦਿੱਤਾ। ਪਰ ਸੁਭਾਅ ਵਿਚ ਕਿਉਂਕਿ ਮਿਹਨਤ ਨਹੀਂ ਸੀ ਇਸ ਲਈ ਸਫਲ ਨਹੀਂ ਹੋ ਸਕਿਆ, ਜਿਸ ਕਰਕੇ ਘਰ ਵਿਚ ਅੱਤ ਦੀ ਗਰੀਬੀ ਆ ਗਈ। ਗੁਰੂ ਸਾਹਿਬ ਜੀ ਕੋਲ ਹਾਜ਼ਿਰ ਹੋਇਆ ਤੇ ਬੇਨਤੀ ਕੀਤੀ, "ਪਾਤਸ਼ਾਹ ਮੇਰਾ ਪਹਿਲਾ ਕੰਮ ਸਖੀ ਸਰਵਰਾਂ ਦਾ ਪ੍ਰਚਾਰ ਕਰਨਾ ਸੀ, ਹੁਣ ਮੈਂ ਸਿੱਖੀ ਪ੍ਰਚਾਰ ਲਈ ਸੇਵਾ ਕਰਨਾ ਚਾਹੁੰਦਾ ਹਾਂ। ਭਾਵੇਂ ਮੈਂ ਧਰਮ ਦੀ ਕਿਰਤ ਲਈ ਹਲ ਵਾਹੇ, ਪਰ ਨਾ ਤਜ਼ਰਬੇਕਾਰੀ ਦੇ ਕਰਕੇ ਸਫਲ ਨਾ ਹੋ ਸਕਿਆ। ਮੈਂ ਚਾਹੁੰਦਾ ਹਾਂ ਆਪ ਜੀ ਕੋਲ ਰਹਿ ਕੇ ਗੁਰਮਤਿ ਦਾ ਗੂੜ੍ਹਾ ਗਿਆਨ ਪ੍ਰਾਪਤ ਕਰਾਂ ਤੇ ਲੋਕਾਈ, ਜੋ ਰੱਬ ਤੋਂ ਟੁੱਟੀ ਪਈ ਹੈ, ਤੁਹਾਡਾ ਪੈਗ਼ਾਮ ਸੁਣਾ ਕੇ ਵਾਹਿਗੁਰੂ ਜੀ ਨਾਲ ਜੋੜਾਂ, ਆਪ ਜੀ ਮੈਨੂੰ ਆਗਿਆ ਬਖਸ਼ੋ ਕਿ ਮੈਂ ਆਪ ਜੀ ਪਾਸ ਹੀ ਰਹਾਂ।"

ਗੁਰੂ ਸਾਹਿਬ ਜੀ ਨੇ ਸਮਝਾਇਆ, ਗਿਆਨ ਦੀ ਪ੍ਰਾਪਤੀ ਦੇ ਨਾਲ-ਨਾਲ ਸਰੀਰਕ ਸਡੌਲਤਾ ਅਤੇ ਕਿਰਤ ਵੀ ਜ਼ਰੂਰੀ ਹੈ, ਇਸ ਲਈ ਤੂੰ ਲੰਗਰ ਲਈ ਜੰਗਲ 'ਤੋਂ ਲੱਕੜਾਂ ਲਿਆਉਣ ਦੀ ਸੇਵਾ ਸੰਭਾਲ।

ਹੁਣ ਭਾਈ ਮੰਝ ਸਵੇਰੇ-ਸ਼ਾਮ ਸਤਿਸੰਗਤ ਕਰਦੇ, ਬਾਣੀ ਕੰਠ ਕਰਦੇ, ਬਾਣੀ ਗ੍ਰਹਿਣ ਕਰਦੇ ਤੇ ਦਿਨੇ ਜੰਗਲ ਵਿਚ ਲੱਕੜਾਂ ਲੈਣ ਜਾਂਦੇ।

ਇਕ ਦਿਨ ਭਾਈ ਮੰਝ ਜੀ ਲੱਕੜਾਂ ਸਿਰ ਤੇ ਰੱਖ ਕੇ ਅੰਮ੍ਰਿਤਸਰ ਨੂੰ ਆ ਰਹੇ ਸੀ ਕਿ ਬਹੁਤ ਝੱਖੜ ਆ ਗਿਆ। ਭਾਈ ਮੰਝ ਜੀ ਲੱਕੜਾਂ ਸੰਭਾਲ ਕੇ ਤੁਰ ਰਹੇ ਸਨ ਕਿ ਇਕ ਖੂਹ ਵਿਚ ਡਿੱਗ ਪਏ। ਖੂਹ ਬਹੁਤ ਡੂੰਘਾ ਨਹੀਂ ਸੀ ਅਤੇ ਪਾਣੀ ਵੀ ਥੋੜ੍ਹਾ ਹੀ ਸੀ। ਭਾਈ ਸਾਹਿਬ ਨੇ ਲੱਕੜਾਂ ਸਿਰ ਤੇ ਹੀ ਰੱਖੀਆਂ, ਤਾਂ ਕਿ ਭਿੱਜ ਨਾ ਜਾਣ। ਖੂਹ ਵਿਚ ਖੜੋਤੇ ਆਪ ਗੁਰਬਾਣੀ ਦਾ ਪਾਠ ਉੱਚੀ-ਉੱਚੀ ਕਰਨ ਲੱਗੇ। ਗੁਰੂ ਅਰਜੁਨ ਸਾਹਿਬ ਜੀ ਆਪਣੇ ਸਿੱਖਾਂ ਸਮੇਤ ਸ਼ਿਕਾਰ ਖੇਡਣ ਜੰਗਲ ਵਿਚ ਆਏ ਹੋਏ ਸਨ, ਜਦੋਂ ਆਵਾਜ਼ ਸੁਣੀ, ਤਾਂ ਗੁਰੂ ਸਾਹਿਬ ਖੂਹ ਦੇ ਨੇੜੇ ਆ ਕੇ ਰੁਕ ਗਏ, ਪੁੱਛਿਆ, ਤੁਸੀਂ ਕੌਣ ਹੋ ? ਭਾਈ ਮੰਝ ਜੀ ਨੇ ਗੁਰੂ ਸਾਹਿਬ ਦੀ ਆਵਾਜ਼ ਪਛਾਣ ਲਈ ਅਤੇ ਕਿਹਾ, ਪਾਤਸ਼ਾਹ ਜੀਉ ਮੈਂ ਤੁਹਾਡਾ ਹੀ ਪੁੱਤਰ ਮੰਝ ਹਾਂ। ਗੁਰੂ ਸਾਹਿਬ ਨੇ ਇਹ ਸੁਣਦਿਆਂ ਹੀ ਸਿੱਖਾ ਨੂੰ, ਰੱਸੇ ਲਿਆਉਣ ਲਈ ਭੇਜਿਆ। ਗੁਰੂ ਜੀ ਨੇ ਰੱਸਾ ਲਮਕਾ ਕੇ ਆਵਾਜ਼ ਦਿੱਤੀ," **ਭਾਈ ਮੰਝ ਜੀ ! ਰੱਸਾ ਫੜ ਕੇ ਬਾਹਰ ਆ ਜਾਉ।**" ਭਾਈ ਮੰਝ ਜੀ ਨੇ ਉਤਰ ਦਿੱਤਾ, "**ਪਹਿਲਾਂ ਲਕੜਾਂ**

ਬਾਹਰ ਕੱਢੋ।" ਇਸੇ ਤਰ੍ਹਾਂ ਕੀਤਾ ਗਿਆ। ਫਿਰ ਭਾਈ ਮੰਝ ਜੀ ਬਾਹਰ ਆਏ।

ਗੁਰੂ ਜੀ ਨੇ ਭਾਈ ਮੰਝ ਜੀ ਨੂੰ ਕਿਹਾ, " ਤੁਸੀਂ ਸਿੱਖੀ ਦੇ ਇਮਤਿਹਾਨ ਵਿਚੋਂ ਪਾਸ ਹੋ" ਭਾਈ ਮੰਝ ਜੀ ਗੁਰੂ ਬਖਸ਼ਿਸ਼ ਨਾਲ ਧੰਨ ਧੰਨ ਹੋ ਉਠੇ ਤੇ ਸ਼ੁਕਰਾਨੇ ਵਜੋਂ ਗੁਰੂ ਚਰਨਾਂ ਤੇ ਢਹਿ ਪਏ। ਭਾਈ ਮੰਝ ਜੀ ਨੇ ਗੁਰੂ ਜੀ ਪਾਸੋਂ ਮੰਗ ਮੰਗੀ ਕਿ ਮੈਨੂੰ ਸਿੱਖੀ ਤੋਂ ਡੋਲਣ ਨਾ ਦੇਣਾ ਅਤੇ ਸਿੱਖੀ ਸਦਾ ਮੇਰੇ ਨਾਲ ਨਿਭੇ। ਗੁਰੂ ਸਾਹਿਬ ਜੀ ਨੇ ਖੁਸ਼ੀ ਅਤੇ ਪਿਆਰ ਵਿਚ ਆ ਕੇ ਭਾਈ ਸਾਹਿਬ ਜੀ ਨੂੰ ਛਾਤੀ ਨਾਲ ਲਾਇਆ ਤੇ ਬਚਨ ਕੀਤਾ :-

"ਮੰਝ ਪਿਆਰਾ ਗੁਰੂ ਕੋ, ਗੁਰੂ ਮੰਝ ਪਿਆਰਾ।
ਮੰਝ ਗੁਰੂ ਕਾ ਬੋਹਿਥਾ, ਜਗੁ ਲੰਘਣਹਾਰਾ। "

ਗੁਰੂ ਜੀ ਦਾ ਭਾਵ ਸੀ ਕਿ ਜੋ ਮੰਝ ਵਰਗੀ ਸੇਵਾ ਸਿਦਕ ਰਖੇਗਾ ਅਤੇ ਗੁਰੂ ਉਪਦੇਸ਼ ਨੂੰ ਕਮਾਏਗਾ, ਉਸਦੀ ਹਉਮੈ ਤੋਂ ਨਵਿਰਤੀ ਹੋ ਜਾਏਗੀ, ਉਹ ਇਸ ਭਵਸਾਗਰ ਤੋਂ ਪਾਰ ਹੋ ਜਾਏਗਾ। ਮਨੁੱਖ ਦੀ ਹਉਮੈ ਹੀ ਜਗ ਤੋਂ ਪਾਰ ਨਹੀਂ ਲੰਘਣ ਦਿੰਦੀ। ਇਸ ਉਪਰੰਤ ਗੁਰੂ ਜੀ ਨੇ ਭਾਈ ਮੰਝ ਦੀ ਸਿਖਲਾਈ ਤੇ ਇਮਤਿਹਾਨ 'ਚੋਂ ਪਾਸ ਹੋਣ ਕਰਕੇ ਸਿੱਖ ਧਰਮ ਦੇ ਪ੍ਰਚਾਰ ਵਾਸਤੇ ਪ੍ਰਮਾਣਿਕ ਪ੍ਰਚਾਰਕ ਦੇ ਤੌਰ ਤੇ ਘਰ (ਹੁਸ਼ਿਆਰਪੁਰ) ਭੇਜ ਦਿੱਤਾ। ਭਾਈ ਮੰਝ ਜੀ ਨੇ ਆਪਣੇ ਘਰ ਸੰਗਤ ਕਾਇਮ ਕੀਤੀ ਅਤੇ ਲੰਗਰ ਚਲਾਇਆ। ਜਿਥੇ ਇਹ ਸਖੀ ਸਰਵਰਾਂ ਦਾ ਪ੍ਰਚਾਰ ਕਰਦੇ ਸੀ, ਹੁਣ ਸਿੱਖੀ ਦੇ ਪ੍ਰਚਾਰ ਹਿੱਤ ਸਾਰੇ ਇਲਾਕੇ ਵਿਚ ਵੱਡੀਆਂ-ਵੱਡੀਆਂ ਸੰਗਤਾਂ ਨੂੰ ਨਾਲ ਲੈ ਕੇ ਨਿਕਲਦੇ।

***

5. ਭਾਈ ਗੰਗਾ ਰਾਮ ਜੀ ਬ੍ਰਾਹਮਣ

ਸਿੱਖ ਇਤਿਹਾਸ ਵਿਚ ਕਈ ਅਜਿਹੇ ਵਰਕੇ ਸਾਨੂੰ ਮਿਲਦੇ ਹਨ, ਜਿਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸੰਗਤ ਰਾਹੀਂ ਇਕ ਮਹਾਨ ਜੀਵਨ ਢੰਗ ਪ੍ਰਾਪਤ ਹੋ ਜਾਂਦਾ ਹੈ, ਜੀਵਨ ਵਿਚ ਮਹਾਨ ਤਬਦੀਲੀ ਆ ਜਾਂਦੀ ਹੈ। ਇਹਨਾਂ ਘਟਨਾਵਾਂ ਵਿਚੋਂ ਇਕ ਘਟਨਾ ਪੇਸ਼ ਹੈ, ਜੋ ਬਠਿੰਡੇ ਦੇ ਵਸਨੀਕ ਗੰਗਾ ਰਾਮ ਬ੍ਰਾਹਮਣ ਬਾਰੇ ਹੈ। ਜੋ ਹਿੰਦੂ ਗ੍ਰੰਥਾਂ ਦਾ ਵਿਦਵਾਨ ਸੀ ਅਤੇ ਨਾਲ-ਨਾਲ ਕਿਰਤ ਵੀ ਕਰਦਾ ਸੀ।

ਗੰਗਾ ਰਾਮ ਤੁਰ ਫਿਰ ਕੇ ਅਨਾਜ ਆਦਿ ਵੇਚਿਆ ਕਰਦਾ ਸੀ। ਇਕ ਵਾਰ ਉਸ ਨੇ ਸੈਂਕੜੇ ਮਣ **(ਪੁਰਾਣੇ ਸਮੇਂ ਕਿਲੋਗ੍ਰਾਮ ਦੀ ਥਾਂ ਸੇਰ, ਮਣ ਹੁੰਦੇ ਸਨ, ਇਕ ਮਣ ਲਗਭਗ 37 ਕਿਲੋਗ੍ਰਾਮ ਦੇ ਬਰਾਬਰ ਹੁੰਦਾ ਹੈ)** ਬਾਜ਼ਰਾ ਖਰੀਦ ਕੇ ਊਠਾਂ ਉੱਪਰ ਲੱਦ ਲਿਆ। ਇਸ ਨੂੰ ਭਿਣਕ ਪਈ ਕਿ ਚੱਕ ਗੁਰੂ ਰਾਮਦਾਸ (ਸ੍ਰੀ ਅੰਮ੍ਰਿਤਸਰ) ਵਿਚ ਕਾਫੀ ਵੱਡਾ ਧਰਮ ਅਸਥਾਨ ਬਣ ਰਿਹਾ ਹੈ, ਹਜ਼ਾਰਾਂ ਦੀ ਗਿਣਤੀ ਵਿਚ ਲੋਕ ਆ ਕੇ ਉਸ ਸ਼ਹਿਰ ਵਿਖੇ ਵੱਸ ਰਹੇ ਹਨ। ਉਹਨਾਂ ਦੇ ਲੰਗਰ ਵਿਚ ਸੈਂਕੜੇ ਮਣ ਅੰਨ ਰੋਜ਼ ਪੱਕਦਾ ਹੈ। ਉਹ ਬਾਜ਼ਰਾ ਲੈ ਕੇ ਅੰਮ੍ਰਿਤਸਰ ਆ ਗਿਆ। ਫਿਰ ਟੂਰ ਕੇ ਵੇਖਿਆ ਕਿ ਵੱਡੇ-ਵੱਡੇ ਅਮੀਰਜ਼ਾਦੇ ਵੀ ਗੁਰੂ ਘਰ ਦੀ ਸੇਵਾ ਬਹੁਤ ਸ਼ਰਧਾ ਨਾਲ ਕਰ ਰਹੇ ਸਨ। ਹਰ ਪਾਸੇ ਗੁਰਬਾਣੀ ਦੀਆਂ ਗੂੰਜਾਂ ਸੁਣਾਈ ਦੇ ਰਹੀਆਂ ਸਨ। ਸੰਗਤਾਂ ਦਾ ਪ੍ਰੇਮ ਵੇਖ ਕੇ ਇਸ ਦੇ ਮਨ

ਵਿਚ ਵੀ ਚਾਅ ਆਇਆ, ਮੈਂ ਵੀ ਆਪਣਾ ਜੀਵਨ ਸਫਲਾ ਕਰ ਲਵਾਂ। ਉਹ ਇਹ ਸੋਚ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਦਰਬਾਰ ਵਿਚ ਆ ਗਿਆ।

ਅਕਾਲ ਪੁਰਖ ਦਾ ਭਾਣਾ, ਉਸ ਦਿਨ ਲੰਗਰ ਵਿਚ ਅੰਨ ਮੁਕ ਗਿਆ ਸੀ। ਲੰਗਰ ਮਸਤਾਨਾ ਹੋ ਗਿਆ। ਇਸ ਨੇ ਅਰਜ਼ ਕੀਤੀ ਕਿ ਹਜ਼ੂਰ ਮੇਰੇ ਪਾਸ ਬਾਜ਼ਰਾ ਹੈ, ਉਹ ਲੈ ਲਵੋ। ਸਾਹਿਬ ਗੁਰੂ ਅਰਜਨ ਪਾਤਸ਼ਾਹ ਨੇ ਹੁਕਮ ਦਿਤਾ ਕਿ ਸੌ ਮਣ ਬਾਜਰਾ ਇਸ ਤੋਂ ਲੈ ਲਵੋ, ਪਰ ਨਾਲ ਉਹਨਾਂ ਇਹ ਵੀ ਕਿਹਾ ਕਿ ਮਾਇਆ ਵਿਸਾਖੀ ਦੇ ਪੁਰਬ ਤੇ ਹੀ ਮਿਲੇਗੀ, ਜਦੋਂ ਭਾਰੀ ਗਿਣਤੀ ਵਿਚ ਸੰਗਤਾਂ ਦਰਸ਼ਨਾਂ ਲਈ ਆਉਣਗੀਆਂ। ਸੋ ਗੰਗਾ ਰਾਮ ਨੇ, ਸੌ ਮਣ ਬਾਜ਼ਰਾ ਦੇ ਦਿੱਤਾ। ਅਗਲੇ ਦਿਨ ਫਿਰ ਉਹੀ ਭਾਣਾ ਵਰਤਿਆ। ਇਸ ਤਰ੍ਹਾਂ ਪੰਜ ਦਿਨ ਸੌ-ਸੌ ਮਣ ਬਾਜ਼ਰਾ ਦੇਂਦਾ ਤੇ ਲੰਗਰ ਚਲਦਾ ਰਿਹਾ। ਫਿਰ ਬਾਹਰੋਂ ਅੰਨ ਆ ਗਿਆ। ਸਾਰਾ ਕੰਮ ਚਲਦਾ ਰਿਹਾ। ਗੰਗਾ ਰਾਮ ਸੰਗਤਾਂ ਨਾਲ ਮਿਲਕੇ ਸੇਵਾ ਕਰਨ ਲਗ ਪਿਆ। ਜਿਉਂ ਜਿਉਂ ਉਹ ਸੇਵਾ ਕਰਦਾ ਗਿਆ ਤੇ ਗੁਰੂ ਪਰ ਆਪਾ ਨਿਛਾਵਰ ਕਰਨ ਤੋਂ ਜੀਅ ਕਰਨ ਲੱਗ ਪਿਆ।

ਇੰਨੇ ਨੂੰ ਵਿਸਾਖੀ ਦਾ ਮੇਲਾ ਆ ਗਿਆ। ਹਾਜ਼ਰੀ ਦੀ ਗਿਣਤੀ ਵਿਚ ਸੰਗਤਾਂ ਦੂਰੋਂ-ਨੇੜਿਓਂ ਦਰਸ਼ਨ ਲਈ ਪੁੱਜਣੀਆਂ ਆਰੰਭ ਹੋਈਆਂ। ਕਾਫੀ ਕਾਰ ਭੇਟਾ ਵੀ ਆਈ। ਕੁਝ ਦਿਨਾਂ ਮਗਰੋਂ ਗੁਰੂ ਸਾਹਿਬ ਨੇ ਗੰਗਾ ਰਾਮ ਨੂੰ ਬੁਲਾਇਆ ਤੇ ਬਾਜਰੇ ਦੀ ਭੇਟਾ ਲੈਣ ਦੀ ਆਗਿਆ ਕੀਤੀ। ਪਰ ਉਸ ਨੇ ਹੱਥ ਜੋੜ ਕੇ ਨਿਮਰਤਾ ਸਹਿਤ ਅਰਜ਼ ਕੀਤੀ ਕਿ ਮੈਂ ਮਾਇਆ ਲੈਣ ਨੂੰ ਤਿਆਰ ਨਹੀਂ ਤੇ ਨਾ ਹੀ ਘਰ ਜਾਣ ਨੂੰ ਤਿਆਰ ਹਾਂ, ਮੈਂ ਤਾਂ ਆਪ ਜੀ ਦੇ ਚਰਨਾਂ ਵਿਚ ਰਹਿਣਾ ਚਾਹੁੰਦਾ ਹਾਂ ਤੇ ਇਥੇ ਹੀ ਸੇਵਾ ਕਰਕੇ ਜੀਵਨ ਸਫਲ ਕਰਨਾ ਚਾਹੁੰਦਾ ਹਾਂ। ਸੂਰਜ ਪ੍ਰਕਾਸ਼ ਵਿਚ ਗੰਗਾ ਰਾਮ ਦੀ ਬੇਨਤੀ ਨੂੰ ਭਾਈ ਸੰਤੋਖ ਸਿੰਘ ਜੀ ਨੇ ਕਲਮ ਬੱਧ ਕੀਤਾ ਹੈ:

ਪ੍ਰਭ ਜੀ ! ਮੈਂ ਨ ਲੇਉਂ ਕਛੁ ਮੋਲਾ।
ਰਾਵਰ ਕੀ ਸੇਵਾ ਮੈਂ ਕਰਹੋਂ। ਜਨਮ ਸਫਲ ਕੀ ਆਸਾ ਧਰਹੋਂ।
ਸਦਨ ਜਾਨ ਕੀ ਨਾਹਿਨ ਚਾਹੂ। ਬੈਸ ਬਿਤਾਵੌਂ ਸੰਗਤ ਮਾਂਹੂ।
ਤੁਮ ਤੇ ਪਰ ਅਪਰ ਕੋ ਨੀਕਾ। ਜਹਿ ਕਲਯਾਣ ਹੋਇ ਹੈ ਜੀਕਾ।
ਨਹਿੰ ਤੁਮਰੋ ਦਰ ਛੋਰਨ ਕਰੌਂ। ਰਾਵਰਿ ਨਾਮ, ਧਯਾਨੀ ਧਰੌਂ।

ਸਤਿਗੁਰੂ ਜੀ ਨੇ ਫਿਰ ਸਮਝਾਇਆ ਕਿ ਮਾਇਆ ਲਵੋ ਤੇ ਜਾਓ, ਆਪਣੇ ਘਰ ਨੂੰ ਭਾਗ ਲਾਓ, ਪਰ ਗੰਗਾ ਰਾਮ ਜੀ ਨੇ ਬੇਨਤੀ ਕੀਤੀ ਕਿ ਪਾਤਸ਼ਾਹ ਜੀ ! ਮੈਂ ਮਾਇਆ ਦਾ ਕੀ ਕਰਨਾ ਹੈ, ਮੇਰੇ ਬੱਚੇ ਚੰਗਾ ਕਮਾ ਖਾ ਰਹੇ ਹਨ, ਮੈਂ ਤਾਂ ਹੋਰ ਮਾਇਆ ਕਮਾਉਣ ਲਈ ਇਹ ਵਪਾਰ ਕਰਦਾ ਸੀ। ਤੁਸੀਂ ਮੇਰੀ ਇਹ ਤੁੱਛ ਭੇਟਾ ਕਬੂਲ ਕਰੋ ਤੇ ਆਪਣੇ ਦਰ ਤੋਂ ਜਾਣ ਦੀ ਆਗਿਆ ਨਾ ਕਰੋ ਤੇ ਸਿੱਖੀ ਦੀ ਦਾਤ ਬਖਸ਼ੋ। ਭਾਈ ਗੰਗਾ ਰਾਮ ਦੇ ਸਿੱਖੀ ਪਿਆਰ, ਸੇਵਾ ਦੀ ਪ੍ਰਬਲਤਾ ਨੂੰ ਵੇਖ ਕੇ ਸਤਿਗੁਰਾਂ ਨੇ ਉਸ ਨੂੰ ਸਿੱਖ ਸਜਾਇਆ। ਨਾਮ ਦੀ ਦਾਤ ਬਖਸ਼ਸ਼ ਕੀਤੀ। ਭਾਈ ਜੀ ਕਾਫੀ ਦੇਰ ਬਾਦ ਤੱਕ ਸ੍ਰੀ ਅੰਮ੍ਰਿਤਸਰ ਹੀ ਟਿਕੇ

ਰਹੇ ਅਤੇ ਗੁਰਮਤਿ ਗਿਆਨ ਅਤੇ ਗੁਰਮਤਿ ਜੀਵਨ ਪ੍ਰਾਪਤ ਕੀਤਾ। ਫਿਰ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਬਠਿੰਡੇ ਦਾ ਪ੍ਰਚਾਰਕ ਨੀਯਤ ਕਰਕੇ ਭੇਜਿਆ।

ਜਿਹੜਾ ਗੰਗਾ ਰਾਮ ਮਾਇਆ ਦੇ ਲਾਲਚ ਕਾਰਨ ਗਿਆ ਸੀ, ਉਹ ਉਲਟਾ ਲੋਕਾਈ ਨੂੰ ਮਾਇਆ ਦਾ ਤਿਆਗ ਸਿਖਾਉਣ ਲਈ ਆਪਣੇ ਘਰ ਆ ਬੈਠਾ। ਇਹ ਕਰਾਮਾਤ ਹੈ ਸਤਿ ਸੰਗਤ ਦੀ, ਗੁਰੂ ਦੀ, ਗੁਰਬਾਣੀ ਦੀ।

***

6. ਸ਼ਗਨ ਅਪਸ਼ਗਨ

ਗੁਰੂ ਅਰਜਨ ਸਾਹਿਬ ਕੋਲ ਅੰਮ੍ਰਿਤਸਰ ਵਿਖੇ ਇਕ ਪੰਡਿਤ ਜੀ ਬਨਾਰਸ ਤੋਂ ਆਏ। ਉਹਨਾਂ ਦੇ ਨਾਲ ਉਹਨਾਂ ਦਾ ਗੱਭਰੂ ਪੁੱਤਰ ਵੀ ਸੀ। ਆਪਣੇ ਨਾਲ ਉਹ ਬਨਾਰਸ ਤੋਂ ਕੁਝ ਧਾਰਮਿਕ ਪੁਸਤਕਾਂ ਲੈ ਆਏ ਸਨ। ਸਿੱਖ ਸੰਗਤ ਵਿਚ ਉਹਨਾਂ ਪੁਸਤਕਾਂ ਦੀ ਕਥਾ ਕਰਨ ਵਾਸਤੇ ਪੰਡਿਤ ਜੀ ਨੇ ਸਤਿਗੁਰੂ ਜੀ ਪਾਸੋਂ ਆਗਿਆ ਮੰਗੀ। ਗੁਰੂ ਸਾਹਿਬ ਨੇ ਆਗਿਆ ਦੇ ਦਿੱਤੀ, ਤਾਂ ਜੋ ਗੁਰੂ ਕੀਆਂ ਸੰਗਤਾਂ ਹਿੰਦੂ ਮੱਤ ਦੇ ਧਾਰਮਿਕ ਗ੍ਰੰਥਾਂ ਦੀ ਜਾਣਕਾਰੀ ਪ੍ਰਾਪਤ ਕਰ ਲੈਣ। ਪੰਡਿਤ ਜੀ ਦਾ ਕਥਾ ਸੁਣਾਉਣ ਦਾ ਮਨੋਰਥ ਸੀ ਕਿ ਇਕ ਤਾਂ ਆਪਣੀ ਉਪਜੀਵਿਕਾ ਦਾ ਸਾਧਨ ਬਣ ਜਾਵੇਗਾ ਤੇ ਦੂਜਾ ਉਹ ਹਿੰਦੂ ਮੱਤ ਦਾ ਪ੍ਰਭਾਵ ਸਿੱਖ ਸੰਗਤਾਂ ਤੇ ਪਾ ਸਕੇਗਾ।

ਅੰਮ੍ਰਿਤਸਰ ਰਹਿੰਦਿਆਂ ਪੰਡਤ ਜੀ ਤੇ ਉਸਦੇ ਪੁੱਤਰ ਨੇ ਵੇਖਿਆ ਕਿ ਇਥੇ ਸੰਗਤਾਂ ਬੜੇ ਚਾਅ ਨਾਲ ਕਾਰ-ਸੇਵਾ ਕਰ ਰਹੀਆਂ ਹਨ, ਬੜੀ ਮਿੱਠੀ ਆਵਾਜ਼ ਵਿਚ ਬਾਣੀ, ਪੜ੍ਹਦੀਆਂ ਹਨ। ਗੁਰੂ ਕੇ ਲੰਗਰ ਵਿਚ ਜਿਥੇ ਲੰਗਰ ਤਿਆਰ ਹੋ ਰਿਹਾ ਹੈ, ਉਥੇ ਸੰਗਤਾਂ ਵਿਚ ਗੁਰਬਾਣੀ ਗਾਈ ਜਾਂਦੀ ਹੈ। ਪੰਡਤ ਜੀ ਆਏ ਤਾਂ ਸੀ ਪ੍ਰਭਾਵ ਪਾਉਣ ਲਈ, ਉਲਟਾ ਸਿੱਖੀ ਪ੍ਰਭਾਵ ਉਨ੍ਹਾਂ ਤੇ ਹੀ ਪੈਣਾ ਅਰੰਭ ਹੋ ਗਿਆ। ਗਾਹੇ-ਬ-ਗਾਹੇ ਗੁਰ ਸੰਗਤਾਂ ਵਿਚ ਬੈਠ ਕੇ ਕਥਾ, ਕੀਰਤਨ ਵੀ ਸੁਣਨ ਲੱਗ ਪਏ। ਭਾਵੇਂ ਉਹ ਮਹਿਸੂਸ ਕਰ ਰਹੇ ਸਨ ਕਿ ਸਿੱਖ ਸਿਧਾਂਤ ਬੜੇ ਸਿੱਧੇ-ਸਾਦੇ ਤੇ ਆਸਾਨ ਹਨ, ਪਰ ਆਪਣੇ ਧਾਰਮਿਕ ਗ੍ਰੰਥਾਂ ਦੀ ਹਉਮੈ ਅਜੇ ਮਨ ਵਿਚ ਸੀ।

ਜੋ ਜੋ ਪੋਥੀਆਂ ਪੰਡਿਤ ਜੀ ਲਿਆਏ, ਉਹ ਸੁਣਾ ਬੈਠੇ। ਅਸਰ ਕਿਸੇ ਉੱਤੇ ਕੀ ਹੋਣਾ ਸੀ? ਪੰਡਿਤ ਜੀ ਨੇ ਇਜ਼ਾਜ਼ਤ ਮੰਗੀ ਕਿ ਮੈਂ ਪੁੱਤਰ ਨੂੰ ਭੇਜ ਕੇ ਹੋਰ ਧਰਮ ਪੁਸਤਕਾਂ ਕਾਂਸ਼ੀ ਤੋਂ ਮੰਗਾਵਾਂ। ਸਤਿਗੁਰੂ ਜੀ ਨੇ ਇਹ ਆਗਿਆ ਵੀ ਦੇ ਦਿੱਤੀ। ਮਾਇਆ ਵਲੋਂ ਵੀ ਉਸ ਦਾ ਮਨ ਰਜਾ ਦਿੱਤਾ। ਪੰਡਿਤ ਜੀ ਨੇ ਪੁੱਤਰ ਨੂੰ ਭੇਜਣ ਦਾ ਮਹੂਰਤ ਕੱਢਿਆ। ਦੇਵਤਿਆਂ ਦੀ ਪੂਜਾ ਕੀਤੀ। ਤੋਰਨ ਲਈ ਸ਼ਹਿਰੋਂ ਬਾਹਰ ਤਕ ਪੁੱਤਰ ਦੇ ਨਾਲ ਆਇਆ। ਰਸਤੇ ਵਿਚ ਇਕ ਖੋਤਾ ਟੱਕਰ ਪਿਆ, ਜੋ ਹੀਂਗ ਰਿਹਾ ਸੀ। ਪੰਡਿਤ ਨੇ ਇਸ ਨੂੰ ਬੜੀ ਭਾਰੀ ਬਦਸ਼ਗਨੀ ਸਮਝਿਆ। ਉਹ ਪੁੱਤਰ ਨੂੰ ਆਪਣੇ ਨਾਲ ਹੀ ਵਾਪਸ ਮੋੜ ਲਿਆਇਆ। ਸਿੱਖਾਂ ਨੇ ਉਸ ਦੇ ਮੁੜਨ ਦਾ ਕਾਰਨ ਸੁਣਿਆ। ਭਰੇ ਦੀਵਾਨ ਵਿਚ ਚੰਗਾ ਹਾਸਾ ਪਿਆ। ਸਤਿਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਜੇ ਸ਼ਾਸਤਰਾਂ ਦੇ ਕੱਢੇ ਮਹੂਰਤ ਤੇ ਇਤਨੀ

ਦੇਵ-ਪੂਜਾ ਕਰਨ ਤੇ ਸਿਰਫ ਇਕ ਖੋਤੇ ਦੇ ਹੀਂਗਣ ਨਾਲ ਰੱਦੇ ਜਾ ਸਕਦੇ ਹਨ, ਤਾਂ ਉਹਨਾਂ ਸ਼ਾਸ਼ਤਰਾਂ ਬਾਰੇ ਕੀ ਸ਼ਰਧਾ ਰਹਿ ਗਈ ਤੇ ਕੀ ਮਹਾਨਤਾ ਹੋਈ। ਸੁਣਾਉਣ ਵਾਲਿਆਂ ਦਾ ਇਹ ਹਾਲ ਹੈ, ਤਾਂ ਸੁਣਨ ਵਾਲਿਆਂ ਉੱਤੇ ਕੀ ਅਸਰ ਪੈ ਸਕਦਾ ਹੈ। ਪੰਡਿਤ ਜੀ ਤੇ ਉਹਨਾਂ ਦਾ ਪੁੱਤਰ ਸ਼ਰਮਸਾਰ ਹੋ ਗੁਰੂ ਚਰਨੀ ਲੱਗੇ ਤੇ ਸਿੱਖੀ ਦੀ ਦਾਤ ਪ੍ਰਾਪਤ ਕੀਤੀ।

ਸਿਖਿਆ: ਸਪਸ਼ਟ ਹੈ ਕਿ ਇਕ ਅਕਾਲਪੁਰਖ ਨੂੰ ਮੰਨਣ ਵਾਲਾ ਥਿੱਤਾਂ, ਮਹੂਰਤਾਂ, ਸ਼ਗਨਾਂ-ਅਪਸ਼ਗਨਾਂ ਤੇ ਵਿਸ਼ਵਾਸ ਨਹੀਂ ਕਰਦਾ ਬਲਕਿ ਅਰਦਾਸ ਕਰਕੇ ਆਪਣੇ ਕਾਰਜ ਤੇ ਚੜ੍ਹ ਪੈਂਦਾ ਹੈ।

***

7. ਨਵਾਬ ਕਪੂਰ ਸਿੰਘ ਜੀ

ਨਵਾਬ ਕਪੂਰ ਸਿੰਘ ਜੀ ਐਸੀ ਮਹਾਨ ਸਖਸ਼ੀਅਤ ਸਨ, ਜਿਨ੍ਹਾਂ ਤੋਂ ਅਫਗਾਨਿਸਤਾਨ ਦਾ ਬਾਦਸ਼ਾਹ ਨਾਦਰ ਸ਼ਾਹ ਦੁਰਾਨੀ ਜਿਸ ਨੇ ਸੰਨ 1738 ਵਿਚ ਬਾਰਾਂ ਹਜ਼ਾਰ ਸੂਰਬੀਰਾਂ ਨਾਲ ਹਿੰਦੋਸਤਾਨ ਦੀ ਮੁਗਲ ਹਕੂਮਤ ਦੀ ਡੇਢ ਲੱਖ ਫੌਜ ਨੂੰ ਹਰਾਇਆ, ਥਰ-ਥਰ ਕੰਬਦਾ ਸੀ।

ਨਵਾਬ ਕਪੂਰ ਸਿੰਘ ਜੀ ਦਾ ਜਨਮ 1697 ਨੂੰ ਚੌਧਰੀ ਦਲੀਪ ਸਿੰਘ ਦੇ ਘਰ, ਪਿੰਡ ਕਾਲੋਕੇ, ਜਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਵਿਚ ਹੋਇਆ। ਉਨ੍ਹਾਂ ਦੇ ਪਿਤਾ ਜੀ ਗੁਰੂ ਘਰ ਦੇ ਸਿਦਕੀ ਸਿੱਖ ਸਨ। ਸ. ਕਪੂਰ ਸਿੰਘ ਜੀ ਦਾ ਕੱਦ ਉੱਚਾ, ਚਿਹਰਾ ਭਰਵਾਂ ਤੇ ਜੁੱਸਾ ਸ਼ਕਤੀ ਭਰਪੂਰ ਅਤੇ ਬੁੱਧੀ ਤੀਖਣ ਸੀ। ਆਪਣੀ ਮਾਤਾ ਜੀ ਪਾਸੋਂ ਉਨ੍ਹਾਂ ਗੁਰਬਾਣੀ ਕੰਠ ਕੀਤੀ ਅਤੇ ਸ਼ਸਤ੍ਰ ਵਿਦਿਆ ਵੀ ਸਿੱਖੀ। ਉਸ ਸਮੇਂ ਖ਼ਾਲਸਾ ਛੋਟੇ-ਛੋਟੇ ਜੱਥਿਆਂ ਵਿਚ ਵਿਚਰਦਾ ਸੀ ਤੇ ਭੀੜ ਪੈਣ ਤੇ ਸਭ ਇਕੱਠੇ ਹੋ ਜਾਂਦੇ ਸਨ। ਆਪ ਨੇ ਸੰਨ 1721 ਵਿਚ ਅੰਮ੍ਰਿਤਸਰ ਵਿਖੇ ਅੰਮ੍ਰਿਤ ਪਾਨ ਕੀਤਾ।

1726 ਤੋਂ ਬਾਅਦ ਖਾਲਸੇ ਉੱਤੇ ਆਏ ਜ਼ੁਲਮੀ ਸੰਕਟ ਤੇ ਵਿਚਾਰ ਕਰਨ ਲਈ ਖਾਲਸੇ ਦਾ ਇਕ ਵੱਡਾ ਇਕੱਠ ਅੰਮ੍ਰਿਤਸਰ ਵਿਚ ਹੋਇਆ। ਖਾਲਸੇ ਨੇ ਹਕੂਮਤ ਦੇ ਖਜ਼ਾਨੇ, ਹਥਿਆਰ ਅਤੇ ਘੋੜੇ ਲੁੱਟ ਕੇ ਹਕੂਮਤ ਦੇ ਸਹਾਇਕਾਂ ਤੇ ਖੁਸ਼ਾਮਦੀਆਂ ਦੀ ਸੁਧਾਈ ਕਰਨ ਦਾ ਫੈਸਲਾ ਕੀਤਾ ਤਾਂ ਜਥੇਦਾਰ ਦਰਬਾਰਾ ਸਿੰਘ ਨੂੰ ਨੌਜਵਾਨ ਕਪੂਰ ਸਿੰਘ ਹੀ ਯੋਗਤਾ ਪੱਖੋਂ ਮੁੱਖ ਸੇਵਾਦਾਰ ਵਜੋਂ ਪ੍ਰਵਾਨ ਹੋਏ। ਆਪ ਜੀ ਦੀ ਜਥੇਦਾਰੀ ਵਿਚ ਇਕ ਤਕੜੇ ਨੌਜਵਾਨਾਂ ਦੇ ਜੱਥੇ ਨੇ ਮਾਝੇ ਵਲੋਂ ਵੈਰੀ ਦੀਆਂ ਖਬਰਾਂ ਹੈਡਕਵਾਟਰ ਪਹੁੰਚਾਉਣ ਦਾ ਕੰਮ ਆਪਣੇ ਜ਼ਿੰਮੇ ਲਿਆ।

ਉਲੀਕੇ ਪ੍ਰੋਗਰਾਮ ਅਨੁਸਾਰ 400 ਸਿੰਘਾਂ ਨੇ ਚਾਰ ਲੱਖ ਰੁਪਏ ਦਾ ਸ਼ਾਹੀ ਖਜ਼ਾਨਾ, ਜੋ ਮੁਲਤਾਨ ਤੋਂ ਲਾਹੌਰ ਜਾ ਰਿਹਾ ਸੀ, ਖੁਡੀਆ ਜਿਲ੍ਹਾ ਲਾਹੌਰ ਦੇ ਕੋਲ ਵੈਰੀ ਦੇ ਘੋੜਿਆਂ ਅਤੇ ਸ਼ਸਤਰਾਂ ਸਮੇਤ ਲੁੱਟਿਆ ਅਤੇ ਕਾਫੀ ਜਾਨੀ ਨੁਕਸਾਨ ਕੀਤਾ। ਦੂਜੀ ਮਾਰ ਵਿਚ ਖਾਲਸੇ ਨੇ ਇਕ ਲੱਖ ਰੁਪਏ ਦਾ ਕਸੂਰ ਤੋਂ ਲਾਹੌਰ ਆ ਰਿਹਾ ਖਜ਼ਾਨਾ, ਕਾਹਨੇ ਕਾਛੇ ਕੋਲ ਲੁੱਟਿਆ। ਤੀਜੀ ਸਫਲਤਾ ਖਾਲਸੇ ਨੇ ਆਪਣੇ ਵੈਰੀ ਮੁਰਤਜ਼ਾ ਖਾਨ ਉਚਕਜ਼ਈ (ਜੋ

ਕਾਬਲ, ਈਰਾਨ ਦੇ ਘੋੜੇ, ਅਤੇ ਸ਼ਸ਼ਤਰ ਸ਼ਾਹੀ ਸੈਨਾ ਵਾਸਤੇ ਸਪਲਾਈ ਕਰਦਾ ਸੀ) ਦੀ ਸੁਧਾਈ ਕਰਕੇ ਪ੍ਰਾਪਤ ਕੀਤੀ। ਮੁਰਤਜਾ ਖ਼ਾਨ ਸੰਨ 1726 ਵਿਚ ਕਈ ਸੌ ਘੋੜੇ ਅਤੇ ਹਥਿਆਰ ਕਾਬਲ ਤੋਂ ਦਿੱਲੀ ਲਿਜਾ ਰਿਹਾ ਸੀ। ਜੰਡਿਆਲੇ ਪੁੱਜਣ ਤੇ ਸ: ਕਪੂਰ ਸਿੰਘ ਦੇ ਜੱਥੇ ਦੇ ਖਬਰ ਦੇਣ ਤੇ ਖਾਲਸੇ ਨੇ ਇਕ ਦਮ ਹਮਲਾ ਕਰਕੇ ਘੋੜੇ ਤੇ ਹਥਿਆਰ ਖੋਹ ਲਏ ਆਪਣੇ ਕੋਲ ਘੋੜੇ ਤੇ ਹਥਿਆਰਾਂ ਦੀ ਭਰਮਾਰ ਕਰ ਲਈ। ਅਗਲੀ ਮਾਰ ਵਿਚ ਖਾਲਸੇ ਦੇ ਜਥੇਦਾਰਾਂ ਸ: ਬੁੱਢਾ ਸਿੰਘ ਤੇ ਬਾਘ ਸਿੰਘ ਨੇ ਮੁਹੰਮਦ ਜ਼ਾਫ਼ਰ ਖਾਨ, 'ਸੱਤ ਹਜ਼ਾਰੀ' ਦੇ ਕਾਫਲੇ ਉੱਤੇ ਪਿਸ਼ਾਵਰ ਤੋਂ ਦਿੱਲੀ ਜਾਂਦਿਆਂ ਦਰਿਆ ਬਿਆਸਾ ਨੇੜੇ ਤਕੜਾ ਹਮਲਾ ਕਰਕੇ ਲੱਖਾਂ ਰੁਪਿਆਂ ਦਾ ਸੋਨਾ-ਚਾਂਦੀ ਲੁੱਟ ਲਿਆ। ਇਹ ਸਭ ਹਮਲੇ ਜਾਂ ਸ਼ਾਹੀ ਖਜ਼ਾਨੇ ਦੀ ਲੁੱਟ ਕੇਵਲ ਹਕੂਮਤ ਨੂੰ ਸਬਕ ਸਿਖਾਉਣ ਅਤੇ ਕਮਜ਼ੋਰ ਕਰਕੇ ਖਤਮ ਕਰਨ ਹਿੱਤ ਹੀ ਸੀ। ਪਰ ਜਿਥੋਂ ਤੱਕ ਖਾਲਸੇ ਦੇ ਇਖਲਾਕ ਦਾ ਸਵਾਲ ਹੈ, ਉਸ ਦੀ ਖੁੱਲ ਦਿਲੀ ਦੀ ਮਿਸਾਲ ਮਿਲਣੀ ਔਖੀ ਹੈ। ਇਕ ਵਾਰ ਸੰਨ 1727 ਵਿਚ ਕਪੜੇ ਦੀ ਸਖਤ ਲੋੜ ਪੂਰੀ ਕਰਨ ਲਈ ਗਲਤੀ ਨਾਲ ਸ਼ਾਹੀ ਖਜ਼ਾਨਾ ਸਮਝ ਕੇ ਸਿਆਲ ਕੋਟ ਦੇ ਸੌਦਾਗਰ, ਸੇਠ ਪ੍ਰਤਾਪ ਚੰਦ ਦਾ ਲੱਖਾਂ ਰੁਪਿਆਂ ਦਾ ਮਾਲ ਲੁੱਟੇ ਜਾਣ ਤੇ ਜਦ ਦੀਵਾਨ ਦਰਬਾਰਾ ਸਿੰਘ, ਸ. ਕਪੂਰ ਸਿੰਘ ਤੇ ਸ. ਹਰੀ ਸਿੰਘ ਹਜ਼ੂਰੀਆ ਨੂੰ ਪਤਾ ਲੱਗਾ ਕਿ ਇਸ ਮਾਲ ਦੇ ਸੇਠ ਨੂੰ ਪੈਸੇ ਨਹੀਂ ਮਿਲੇ ਤਾਂ ਉਸੇ ਤਰ੍ਹਾਂ ਮਾਲ ਵਾਪਸ ਕਰ ਦਿੱਤਾ ਅਤੇ ਖਾਲਸੇ ਦੀ ਸ਼ਾਨ ਨੂੰ ਬਹੁਤ ਉੱਚਾ ਕਰ ਦਿੱਤਾ।

ਇਨ੍ਹਾਂ ਹਮਲਿਆਂ ਤੋਂ ਦੁਖੀ ਹੋ ਕੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਵਲੋਂ ਹੋਰ ਸਖਤੀ ਕਰਨ ਲਈ ਪਿੰਡ-ਪਿੰਡ ਭੇਜੀਆਂ ਗਸ਼ਤੀ ਫੌਜਾਂ ਵਿਚੋਂ ਇਕ ਟੁਕੜੀ ਦਾ ਸਾਹਮਣਾ ਸ: ਕਪੂਰ ਸਿੰਘ ਦੇ ਜੱਥੇ ਨਾਲ ਅੰਮ੍ਰਿਤਸਰ ਜਾਂਦਿਆਂ ਰੋਪੜ ਦੇ ਨੇੜੇ ਹੋ ਗਇਆ। ਇਸ ਟੁਕੜੀ ਦੇ ਮੁਖੀ ਨੂੰ ਆਪ ਜੀ ਨੇ ਆਪ ਪਾਰ ਬੁਲਾਇਆ ਪਰ ਆਪ ਜੀ ਦੇ ਮੱਥੇ ਉੱਤੇ ਵੀ ਗਹਿਰਾ ਜ਼ਖਮ ਲਗਿਆ।

ਇਸ ਪ੍ਰਕਾਰ ਖਾਲਸੇ ਨੇ ਹਕੂਮਤ ਦੇ ਖਜ਼ਾਨੇ ਵਿਚ ਪੈਸਾ ਜਾਣਾ ਬੰਦ ਕਰ ਦਿੱਤਾ। ਜ਼ਕਰੀਆ ਖਾਨ ਦੇ ਜ਼ੁਲਮਾਂ ਕਾਰਨ ਖਾਲਸਾ ਹੋਰ ਮਜ਼ਬੂਤ ਜਥੇਬੰਦੀ ਬਣਦਾ ਗਿਆ। ਅੰਤ ਸੰਨ 1733 ਵਿਚ ਅੱਕ ਕੇ ਜ਼ਕਰੀਆ ਖਾਨ ਨੇ ਦਿੱਲੀ ਜਾ ਕੇ ਬਾਦਸ਼ਾਹ ਨੂੰ ਸਾਰੀ ਹਾਲਤ ਦਸਦਿਆਂ ਦੁਖੀ ਹੋ ਕੇ ਕਿਹਾ ਕਿ ਹੁਣ ਸਖਤੀ ਨਾਲ ਨਹੀਂ ਸਗੋਂ ਦੂਜੀ ਚਾਲ ਅਨੁਸਾਰ ਖਾਲਸੇ ਉੱਤੋਂ ਸਾਰੀਆਂ ਬੰਦਸ਼ਾਂ ਹਟਾ ਕੇ ਅਤੇ ਆਗੂਆਂ ਨੂੰ ਉੱਚੇ ਪੱਦ ਦੇ ਕੇ ਲੜਾ ਦਿੱਤਾ ਜਾਵੇ। ਦਿੱਲੀ ਹਕੂਮਤ ਨੇ ਇਹ ਸਲਾਹ ਮੰਨ ਕੇ ਭਾਈ ਸੁਬੇਗ ਸਿੰਘ ਦੇ ਰਾਹੀਂ ਖਾਲਸੇ ਅੱਗੇ ਕੁਝ ਸੁਝਾਉ ਰਖੇ, ਜੋ ਲੰਮੀ ਵਿਚਾਰ ਮਗਰੋਂ ਖਾਲਸੇ ਨੇ ਪ੍ਰਵਾਨ ਕੀਤੇ। ਖਾਲਸੇ ਨੂੰ ਇਕ ਲੱਖ ਰੁਪਏ ਦੀ ਪਰਗਨਾ ਦੀਪਾਲਪੁਰ, ਕੰਗਨਵਾਲ ਅਤੇ ਝਬਾਲ ਆਦਿ ਪਿੰਡਾਂ ਦੀ ਜਾਗੀਰ ਅਤੇ ਨਵਾਬੀ ਦੀ ਪੇਸ਼ਕਸ਼ ਕੀਤੀ ਗਈ। ਸ: ਕਪੂਰ ਸਿੰਘ ਜੀ ਨੇ ਨਵਾਬੀ ਦੀ ਇਹ ਖਿਲ੍ਹਤ ਨਿਮਰਤਾ ਪੂਰਵਕ ਪ੍ਰਵਾਨ ਕਰਦਿਆਂ ਬੇਨਤੀ ਕੀਤੀ ਇਹ ਪੰਜਾਂ ਪਿਆਰਿਆਂ ਦੇ ਚਰਨਾਂ ਨਾਲ ਛੁਹਾ ਕੇ ਬਖਸ਼ੀ ਜਾਵੇ।

ਨਵਾਬ ਕਪੂਰ ਸਿੰਘ ਜੀ ਦੀ ਤੀਖਣ ਸੂਝ ਹਕੂਮਤ ਨਾਲ ਮੇਲ ਨੂੰ ਥੋੜ ਚਿਰਾ ਹੀ ਸਮਝਦੀ। ਉਹ ਕਹਿੰਦੇ ਕਿ ਮਿਲੇ ਸਮੇਂ ਨੂੰ ਬਹੁਮੁੱਲਾ ਜਾਣ ਕੇ ਉਸ ਤੋਂ ਪੂਰਾ ਪੂਰਾ ਲਾਭ ਲੈਣਾ ਚਾਹੀਦਾ ਹੈ। ਆਪ ਨੇ ਸਭ ਤੋਂ ਪਹਿਲਾਂ ਖਿੰਡੇ ਹੋਏ ਖਾਲਸੇ ਦਾ ਅੰਮ੍ਰਿਤਸਰ ਇਕੱਠ ਬੁਲਾਇਆ ਅਤੇ ਖਾਲਸੇ ਨੂੰ ਦੋ ਹਿੱਸਿਆਂ ਵਿਚ ਵੰਡ ਦਿਤਾ 'ਬੁੱਢਾ ਦਲ ਅਤੇ ਤਰੁਨਾ ਦਲ'। ਬੁੱਢਾ ਦਲ ਵਿਚ 40 ਸਾਲਾਂ ਤੋਂ ਵਡੇਰੀ ਉਮਰ ਦੇ ਗੁਰਸਿੱਖ ਸਨ ਅਤੇ ਤਰੁਨਾ ਦਲ ਵਿਚ 40 ਸਾਲਾਂ ਤੋਂ ਘੱਟ ਉਮਰ ਦੇ ਨੌਜਵਾਨ ਗੁਰਸਿੱਖ। ਬੁੱਢਾ ਦਲ ਦੇ ਜ਼ਿੰਮੇ ਗੁਰਦੁਆਰਿਆਂ ਦੀ ਦੇਖ ਭਾਲ, ਸਿੱਖ ਧਰਮ ਦਾ ਪ੍ਰਚਾਰ ਕਰਨਾ, ਗੁਰ ਮਰਯਾਦਾ ਦੀ ਪਵਿਤਰਤਾ ਨੂੰ ਮਿਲਾਵਟ ਤੋਂ ਸੁਰੱਖਿਅਤ ਰਖਣਾ ਅਤੇ ਲੋੜ ਪੈਣ ਉੱਤੇ ਤਰੁਨਾ ਦਲ ਦੀ ਯੁੱਧ ਵਿਚ ਮਦਦ ਕਰਨ ਦੀ ਸੇਵਾ ਲੱਗੀ। ਤਰੁਨਾ ਦਲ ਦਾ ਮੁੱਖ ਕੰਮ, ਦੀਨਾਂ ਦੁਖੀਆਂ ਦੀ ਸਹਾਇਤਾ, ਬਾਹਰਲੇ ਹਮਲਾਵਰਾਂ ਦਾ ਮੁਕਾਬਲਾ ਅਤੇ ਪੰਜਾਬ ਉੱਤੇ ਰਾਜ ਸਥਾਪਿਤ ਕਰਨਾ ਸੀ। ਦੋਹਾਂ ਦਲਾਂ ਦੇ ਨਿਯਮ ਇਸ ਪ੍ਰਕਾਰ ਮਿੱਥੇ ਗਏ:

1. ਕਿਤੋਂ ਵੀ ਪ੍ਰਾਪਤ ਹੋਈ ਮਾਇਆ ਖਾਲਸੇ ਦੇ ਸਾਂਝੇ ਖਜ਼ਾਨੇ ਵਿਚ ਜਮਾਂ ਕਰਾਈ ਜਾਵੇ ਅਤੇ ਦੋਹਾਂ ਜਥਿਆਂ ਦੀ ਹਥਿਆਰਾਂ, ਘੋੜਿਆਂ ਅਤੇ ਸ਼ਸਤਰਾਂ ਦੀ ਲੋੜ ਇਸ ਖਜ਼ਾਨੇ ਵਿਚੋਂ ਪੂਰੀ ਕੀਤੀ ਜਾਵੇ।

2. ਦੋਹਾਂ ਜਥਿਆਂ ਦਾ ਲੰਗਰ ਇਕੋ ਸਥਾਨ ਤੇ ਤਿਆਰ ਹੋਵੇ।

3. ਆਪਣੇ ਜੱਥੇਦਾਰ ਦਾ ਹੁਕਮ ਮੰਨਣਾ ਹਰੇਕ ਸਿੰਘ ਦਾ ਮੁੱਖ ਫਰਜ਼ ਹੋਵੇਗਾ।

4. ਹਰੇਕ ਸਿੰਘ ਘਰ ਜਾਣ ਸਮੇਂ ਜਥੇਦਾਰ ਦੀ ਆਗਿਆ ਲੈ ਕੇ ਜਾਵੇ ਅਤੇ ਵਾਪਸ ਆ ਕੇ ਹਾਜ਼ਰੀ ਦੇਵੇ।

ਇਸ ਸਮੇਂ ਸਿੰਘਾਂ ਦਾ ਜੀਵਨ ਇਸ ਪ੍ਰਕਾਰ ਦਾ ਸੀ ਕਿ ਸਾਂਝੇ ਲੰਗਰ ਨਾਲ ਹੀ ਦੁਖ ਸੁਖ ਵੀ ਸਭ ਦਾ ਸਾਂਝਾ ਹੋ ਗਿਆ ਸੀ। ਇਕ ਦੀ ਖੁਸ਼ੀ ਸਭ ਦੀ ਖੁਸ਼ੀ ਅਤੇ ਇਕ ਨੂੰ ਕੰਡਾ ਚੁਭਣ ਤੇ, ਸਾਰੀ ਕੌਮ ਦਾ ਮਨ ਪੀੜ ਨਾਲ ਤੜਪ ਪੈਂਦਾ ਸੀ। ਦੋਵੇਂ ਦਲ ਇਕੋ ਪਰਿਵਾਰ ਵਾਂਗ ਜੀਵਨ ਬਿਤਾਉਣ ਲੱਗੇ।

ਜਦ ਤਰੁਨਾ ਦਲ ਦੀ ਗਿਣਤੀ 12000 ਤੋਂ ਵਧ ਗਈ ਤਾਂ ਨਵਾਬ ਕਪੂਰ ਸਿੰਘ ਨੇ ਸਾਰੇ ਮੁੱਖੀਆਂ ਦੀ ਇਕਤਰਤਾ ਬੁਲਾ ਕੇ ਵਿਚਾਰ ਪੇਸ਼ ਕੀਤਾ ਕਿਹਾ ਕਿ ਦਲ ਦੇ ਸਿੰਘਾਂ ਦੀ ਗਿਣਤੀ ਵਧਣ ਨਾਲ ਇਕ ਥਾਂ ਤੇ ਲੰਗਰ ਦੇ ਸਜਾਣ ਅਤੇ ਵਰਤਾਣ ਵਿਚ ਸਮਾਂ ਲੱਗ ਜਾਂਦਾ ਹੈ, ਇਸ ਲਈ ਦਲ ਨੂੰ ਪੰਜ ਭਾਗਾਂ ਵਿਚ ਵੰਡ ਦਿੱਤਾ ਜਾਵੇ। ਸਾਂਝੇ ਕੌਮੀ ਭੰਡਾਰੇ ਵਿਚੋਂ ਰਸਦ ਲੈ ਕੇ ਹਰੇਕ ਜੱਥਾ ਆਪਣਾ ਲੰਗਰ ਤਿਆਰ ਕਰੇ। ਇਸ ਤਰ੍ਹਾਂ ਵੰਡੇ ਤਰੁਨਾ ਦਲ ਦੇ ਜਥਿਆਂ ਦੀਆਂ ਬਾਅਦ ਵਿਚ ਬਾਰ੍ਹਾਂ ਮਿਸਲਾਂ ਬਣਾਈਆਂ ਗਈਆਂ ।

ਇਸ ਸਮੇਂ ਆਪ ਜੀ ਨੂੰ ਮਾਤਾ ਸੁੰਦਰ ਕੌਰ ਜੀ ਦਾ ਹੁਕਮ ਪੁੱਜਾ ਕਿ ਜੱਸਾ ਸਿੰਘ (ਆਹਲੂਵਾਲ) ਨੂੰ ਸਾਡਾ ਬੱਚਾ ਜਾਣ ਕੇ ਸਿੰਘਾਂ ਵਾਲੇ ਸਰਬ ਗੁਣਾਂ ਵਿਚ ਨਿਪੁੰਨ ਕਰ ਦੇਣਾ। ਸ. ਜੱਸਾ ਸਿੰਘ ਨੂੰ ਆਪ ਜੀ ਨੇ ਥੋੜੇ ਸਮੇਂ ਵਿਚ ਹਰ ਪੱਖੋਂ ਤਿਆਰ ਕਰ ਦਿੱਤਾ ਅਤੇ ਤੋਸ਼ੇਖਾਨੇ (ਭੰਡਾਰੇ) ਦੀਆਂ ਕੁੰਜੀਆਂ ਸੌਂਪ ਦਿਤੀਆਂ। ਸੰਨ 1733-34 ਵਿਚ ਮਿਲੇ

ਸਮੇਂ ਵਿਚ ਕਪੂਰ ਸਿੰਘ ਜੀ ਦੀ ਯੋਗ ਅਗਵਾਈ ਵਿਚ ਖਿੰਡਿਆ ਹੋਇਆ ਖਾਲਸਾ ਇਕ ਸ਼ਕਤੀਸ਼ਾਲੀ ਜਥੇਬੰਦੀ ਬਣ ਗਿਆ। ਬੁੱਢਾ ਦਲ ਦੇ ਪ੍ਰਚਾਰ ਸਦਕਾ ਹਜ਼ਾਰਾਂ ਨਵੇਂ ਪ੍ਰਾਣੀ ਅੰਮ੍ਰਿਤ ਛਕ ਕੇ ਖਾਲਸਾ ਪੰਥ ਵਿਚ ਰਲ ਗਏ। ਖਾਲਸੇ ਦੀ ਇਸ ਮਹਾਨ ਏਕਤਾ ਅਤੇ ਧਰਮ ਪ੍ਰਚਾਰ ਨੂੰ ਵੇਖ ਕੇ ਜ਼ਕਰੀਆ ਖਾਨ ਨੇ ਸੜ ਕੇ ਬਿਨਾਂ ਕਿਸੇ ਕਾਰਨ, ਆਪਣੀ ਫੌਜ ਭੇਜਕੇ ਖਾਲਸੇ ਦੀ ਜਾਗੀਰ ਉੱਤੇ ਅਪਣਾ ਕਬਜ਼ਾ ਕਰ ਲਿਆ।

ਇਕ ਵਾਰ ਫੇਰ ਹਕੂਮਤ ਅਤੇ ਸਿੰਘਾਂ ਵਿਚਕਾਰ ਤਣਾਓ ਵੱਧਣ ਕਾਰਣ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ ਅਤੇ ਸਿੰਘ ਜੰਗਲਾਂ ਵੱਲ ਚਲੇ ਗਏ। ਇਸ ਸਮੇਂ ਨਵਾਬ ਕਪੂਰ ਸਿੰਘ, 800 ਸਿੰਘਾਂ ਦੇ ਜਥੇ ਨਾਲ ਬਾਬਾ ਆਲਾ ਸਿੰਘ ਬਾਨੀ ਰਿਆਸਤ ਪਟਿਆਲਾ ਪਾਸ ਜਾ ਰਹੇ। ਇਸ ਸਮੇਂ ਬਾਬਾ ਆਲਾ ਸਿੰਘ ਨੇ ਗੁਰਸਿੱਖ ਭਾਈਆਂ ਦੀ ਬਹੁਤ ਸੇਵਾ ਕੀਤੀ। ਨਵਾਬ ਸਾਹਿਬ ਨੂੰ ਖਿੰਡੇ ਹੋਏ ਖਾਲਸੇ ਨੂੰ ਜਥੇਬੰਦ ਕਰਨ ਅਤੇ ਚੜ੍ਹਦੀ ਕਲਾ ਵਿਚ ਰੱਖਣ ਹਿੱਤ ਦੂਰ ਦੂਰ ਤਕ ਸਫਰ ਕਰਨਾ ਪੈਂਦਾ। ਇਸ ਸਮੇਂ ਸਿੰਘਾਂ ਉੱਪਰ ਭਿਆਨਕ ਅਤਿਆਚਾਰ ਹਕੂਮਤ ਵਲੋਂ ਜਨਤਾ ਨੂੰ ਡਰਾਕੇ ਸਿੰਘ ਬਣਨ ਤੋਂ ਰੋਕਣ ਲਈ ਕੀਤੇ ਜਾਂਦੇ, ਪਰ ਫਿਰ ਵੀ ਸਿੰਘਾਂ ਦੀ ਗਿਣਤੀ ਵੱਧਦੀ ਹੀ ਗਈ। ਨਵਾਬ ਸਾਹਿਬ ਵਰਗੇ ਬੇਮਿਸਾਲ ਆਚਰਨ ਤੇ ਕਰਨੀ ਵਾਲੇ ਸਰਬ ਗੁਣ ਸੰਪੰਨ ਆਗੂ ਦੀ ਅਗਵਾਈ ਹੇਠ ਖਾਲਸਾ ਇੰਨੇ ਭਿਆਨਕ ਤੇ ਅਸਹਿ ਕਸ਼ਟਾਂ ਨੂੰ ਬੜੇ ਸਬਰ ਤੇ ਸ਼ੁਕਰ ਨਾਲ ਝਲਦਾ ਰਿਹਾ ਅਤੇ ਕਿਸੇ ਵੀ ਸਿੰਘ ਜਾਂ ਸਿੰਘਣੀ ਨੇ ਹਾਏ ਤਕ ਨਹੀਂ ਕੀਤੀ। ਇਹਨਾਂ ਦਿਨਾਂ ਵਿਚ ਹੀ ਲਾਹੌਰ ਹਕੂਮਤ ਨੂੰ ਜ਼ਲੀਲ ਕਰਨ ਅਤੇ ਖਾਲਸੇ ਦਾ ਤੇਜ਼ ਪ੍ਰਤਾਪ ਦਸਣ ਲਈ ਨਵਾਬ ਜੀ ਬਾਕੀ ਖਾਲਸੇ ਨੂੰ ਸ਼ਾਲਾਮਾਰ ਬਾਗ ਦੇ ਪਾਸ ਛੱਡ ਕੇ ਸਿਰਫ 20 ਸੂਰਬੀਰ ਸਿੰਘ ਲੈ ਕੈ ਬੇਖੌਫ ਲਾਹੌਰ ਵਿਚ ਜਾ ਵੜੇ। ਹਰੇਕ ਰਾਹ ਰੋਕਣ ਵਾਲੇ ਨੂੰ ਪਾਰ ਬੁਲਾ ਦਿਤਾ ਅਤੇ ਸਿੱਧੇ ਕੋਤਵਾਲੀ ਜਾ ਪੁੱਜੇ। ਇਥੇ ਝਟ ਘੋੜੇ ਤੋਂ ਛਲਾਂਗ ਮਾਰ ਕੇ ਉਤਰੇ ਅਤੇ ਚਾਨਚਕ ਹਥਿਆਰ ਘਰ ਪਰ ਜਾ ਪਏ। ਹਥਿਆਰ ਕਬਜ਼ੇ ਵਿਚ ਕਰਕੇ ਪਹਿਰੇ ਉੱਤੇ ਸਿੰਘ ਖੜੇ ਕਰ ਦਿੱਤੇ। ਆਪ ਕੋਤਵਾਲ ਦੀ ਗੱਦੀ ਪਰ ਜਾ ਬਿਰਾਜੇ। ਅਸਲ ਕੋਤਵਾਲ ਨੂੰ ਹੁਕਮ ਦਿਤਾ, ਜਿਤਨੇ ਕੈਦੀ ਹਨ, ਉਹਨਾਂ ਨੂੰ ਰਿਹਾ ਕਰ ਦਿੱਤਾ ਜਾਵੇ, ਸਾਰਾ ਖਜ਼ਾਨਾ ਸਿੰਘਾਂ ਨੂੰ ਹਾਜ਼ਰ ਕੀਤਾ ਜਾਵੇ। ਕੋਤਵਾਲ ਨੇ ਤੁਰੰਤ ਹੁਕਮ ਮੰਨਿਆ। ਜਾਂਦੇ ਹੋਏ ਨਵਾਬ ਕਪੂਰ ਸਿੰਘ ਜੀ ਨੇ ਕੋਤਵਾਲ ਨੂੰ ਕਿਹਾ ਕਿ ਆਪਣੇ ਹਾਕਮਾਂ ਨੂੰ ਕਹਿਣਾ ਕਿ ਸਭ ਤੋਂ ਵੱਡੇ ਬਾਦਸ਼ਾਹ ਦਾ ਕੋਤਵਾਲ "ਨਵਾਬ ਕਪੂਰ ਸਿੰਘ" ਆਇਆ ਸੀ ਅਤੇ ਉਸ ਦੇ ਹੁਕਮ ਨਾਲ ਸਭ ਦੀ ਰਿਹਾਈ ਕੀਤੀ ਗਈ ਹੈ, ਜੋ ਕੁਝ ਉਸ ਨੂੰ ਚਾਹੀਦਾ ਸੀ, ਲੈ ਗਿਆ ਹੈ। ਇਹ ਸਾਰਾ ਕਰਤੱਵ, ਆਪ ਨੇ ਬਹੁਤ ਥੋੜ੍ਹੇ ਸਮੇਂ ਵਿਚ ਇਤਨੀ ਫੁਰਤੀ ਨਾਲ ਸਿਰੇ ਚਾੜ੍ਹਿਆ ਕਿ ਵਡੇ ਕਰਮਚਾਰੀਆਂ ਨੂੰ ਖਬਰ ਮਿਲਣ ਅਤੇ ਫੌਜ ਦੇ ਪਹੁੰਚਣ ਤੋਂ ਪਹਿਲਾਂ ਹੀ ਆਪ ਅਲੋਪ ਹੋ ਗਏ।

ਇਸ ਉਪਰੰਤ ਨਵਾਬ ਜੀ ਮਾਲਵੇ ਵੱਲ ਚਲੇ ਗਏ, ਜਿਥੇ ਬਾਬਾ ਆਲਾ ਸਿੰਘ ਨੇ ਬਹੁਤ ਸਤਿਕਾਰ ਨਾਲ ਸੇਵਾ ਕੀਤੀ ਅਤੇ ਗੁਰੂ ਦਾ ਦਸਵੰਧ, ਜੋ ਬਹੁਤ ਵੱਡੀ ਰਕਮ ਸੀ, ਪੇਸ਼ ਕੀਤੀ। ਇਸ ਸਮੇਂ ਬਾਬਾ ਆਲਾ ਸਿੰਘ ਜੀ ਨੇ ਅੰਮ੍ਰਿਤਪਾਨ ਕੀਤਾ।

ਫਿਰ ਨਵਾਬ ਕਪੂਰ ਸਿੰਘ ਜੀ ਨੇ ਜੱਥੇ ਸਮੇਤ ਗੁਰੂ ਮਾਰੀ ਸਰਹੰਦ ਵੱਲ ਰੁਖ ਕੀਤਾ ਅਤੇ ਖਾਲਸੇ ਨੂੰ ਸੰਬੋਧਨ ਕਰਕੇ ਆਖਿਆ,"ਖਾਲਸਾ ਜੀ ! ਸਾਡੀਆਂ ਅੱਖਾਂ ਸਾਹਮਣੇ ਉਹ ਘ੍ਰਿਣਤ ਕੰਧਾਂ ਹਨ, ਜਿਨ੍ਹਾਂ ਵਿਚ ਦਸਮੇਸ਼ ਜੀ ਦੇ ਲਾਡਲੇ ਸਾਹਿਬਜ਼ਾਦਿਆਂ ਨੂੰ ਅਕਹਿ ਤੇ ਅਸਹਿ ਕਸ਼ਟ ਦੇ ਕੇ ਜ਼ਿੰਦਾ ਚਿਣ ਦਿਤਾ ਗਿਆ ਸੀ।" ਇਨ੍ਹਾਂ ਸ਼ਬਦਾਂ ਨੂੰ ਸੁਣ ਕੇ ਖਾਲਸੇ ਨੇ ਸਰਹਿੰਦ ਤੇ ਹਮਲਾ ਕਰਕੇ ਸ਼ਾਹੀ ਫੌਜਾਂ ਦਾ ਭਾਰੀ ਨੁਕਸਾਨ ਕੀਤਾ ਅਤੇ ਖਜ਼ਾਨਾ ਲੁੱਟਿਆ। ਇਸ ਘਟਨਾ ਤੋਂ ਗੁੱਸਾ ਖਾ ਕੇ ਜ਼ਕਰੀਆ ਖਾਨ ਨੇ ਹੈਬਤ ਖਾਨ, ਦੀਵਾਨ ਲਖਪਤ ਰਾਇ, ਸਲਾਬਤ ਖਾਨ ਅਤੇ ਕੁਤਬਦੀਨ ਖਾਨ ਦੀ ਸਪੁਰਦਗੀ ਵਿਚ ਇਕ ਬਹੁਤ ਵੱਡੀ ਫੌਜ 'ਬਾਸਰਕੇ ਦੀ ਬੀੜ' ਵਿਚ ਭੇਜੀ ਜਿਥੇ ਬੁੱਢਾ ਦਲ ਨੇ ਡੇਰਾ ਕੀਤਾ ਹੋਇਆ ਸੀ। ਨਵਾਬ ਜੀ ਨੇ ਸ਼ਾਹੀ ਫੌਜ ਦਾ ਘੇਰਾ ਪੈਂਦਾ ਦੇਖ ਕੇ ਖਾਲਸੇ ਨੂੰ ਕਿਹਾ 'ਡਟ ਕੇ ਮੁਕਾਬਲਾ ਕਰੋ'। ਸਰਹੰਦ ਦਾ ਖਜ਼ਾਨਾ ਸ: ਜੱਸਾ ਸਿੰਘ ਆਹਲੂਵਾਲੀਆ ਦੇ ਹਵਾਲੇ ਕੀਤਾ ਅਤੇ ਕੁਝ ਕੁ ਸਿੰਘਾਂ ਨੂੰ ਮੁਕਾਬਲੇ ਵਾਸਤੇ ਛੱਡ ਕੇ ਬਾਕੀਆਂ ਨੂੰ ਰਾਤੋ ਰਾਤ ਖਜ਼ਾਨਾ ਲੈ ਜਾਣ ਵਾਸਤੇ ਜੱਸਾ ਸਿੰਘ ਨਾਲ ਭੇਜਿਆ। ਰਾਤ ਦੇ ਅੰਧੇਰੇ ਵਿਚ ਸ: ਜੱਸਾ ਸਿੰਘ ਦੁਸ਼ਮਣ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਨਿਕਲ ਗਏ। ਇੱਧਰ ਨਵਾਬ ਕਪੂਰ ਸਿੰਘ ਨੇ ਖਜ਼ਾਨਾ ਕਾਫੀ ਦੂਰ ਨਿਕਲਣ ਤਕ ਦੁਸ਼ਮਨ ਨੂੰ ਆਪਣੇ ਵਲ ਉਲਝਾਈ ਰੱਖਿਆ। ਫਿਰ ਖਾਲਸਾ ਬੜੀ ਜੁਗਤੀ ਨਾਲ ਲੜਦਾ,ਪਿਛੇ ਹਟਿਆ, ਬਹੁਤ ਦੂਰ ਨਿਕਲ ਆਉਣ ਤੇ ਦੁਸ਼ਮਣ ਘਬਰਾ ਕੇ ਵਾਪਸ ਮੁੜ ਪਿਆ। ਇਸ ਜੰਗ ਪਿੱਛੋਂ ਜ਼ਕਰੀਆ ਖਾਨ ਸਿੰਘਾਂ ਦਾ ਬਹੁਤ ਵੈਰੀ ਹੋ ਗਿਆ ਅਤੇ ਸਿੰਘ ਉਸ ਨੂੰ ਮਾਰਨ ਦੀਆਂ ਵਿਉਂਤਾਂ ਘੜਨ ਲੱਗੇ।

ਜਦੋਂ ਖਾਨ ਬਹਾਦਰ ਨੂੰ ਪਤਾ ਲੱਗਾ ਕਿ ਖਾਲਸਾ ਭੇਸ ਬਦਲ ਕੇ ਉਸਦੀ ਭਾਲ ਵਿਚ ਹੈ, ਤਾਂ ਉਹ ਦਿਨ ਰਾਤ ਕਿਲ੍ਹੇ ਦੇ ਅੰਦਰ ਕਰੜੇ ਪਹਿਰੇ ਵਿਚ ਰਹਿਣ ਲੱਗ ਪਿਆ। ਇਧਰੋਂ ਇਕ ਵੱਡੀ ਫੌਜ ਸਮੱਦ ਖਾਨ ਦੀ ਸਰਦਾਰੀ ਵਿਚ ਨਵਾਬ ਜੀ ਦੀ ਭਾਲ ਵਿਚ ਤੋਰੀ। ਮਾਣਕ ਦੇ ਸਥਾਨ ਤੇ ਸ਼ਾਹੀ ਫੌਜ ਦਾ ਬੁੱਢੇ ਦਲ ਨਾਲ ਟਾਕਰਾ ਹੋ ਪਿਆ। ਇਸ ਸਮੇਂ ਨਵਾਬ ਜੀ ਨੇ ਕਮਾਲ ਦੀ ਯੁੱਧ ਨੀਤੀ ਵਰਤੀ। ਇਕ ਤਕੜੇ ਜਥੇ ਨੂੰ ਤੁਰਕਾਣੀ ਭੇਸ ਵਿਚ ਸੈਦ ਖਾਨ ਸਿਆਲ ਦੀ ਗੜ੍ਹੀ ਵੱਲ ਭੇਜਿਆ ਜਿਸ ਵਿਚ ਸਿੱਖਾਂ ਵਿਰੁੱਧ ਵਰਤਣ ਲਈ ਬਹੁਤ ਸਾਰਾ ਦਾਰੂ ਸਿੱਕਾ ਇਕਤ੍ਰ ਕਰ ਰਖਿਆ ਹੋਇਆ ਸੀ। ਉਸ ਜੱਥੇ ਦੇ ਆਗੂ ਨੇ ਸੈਦ ਖਾਨ ਨੂੰ ਕਿਹਾ ਕਿ ਸ਼ਾਹੀ ਫੌਜ ਨੇ ਸਿੰਘਾਂ ਨੂੰ ਘੇਰੇ ਵਿਚ ਲਿਆ ਹੋਇਆ ਹੈ, ਆਪ ਨੂੰ ਸਮੱਦ ਖਾਨ ਨੇ ਸੈਨਾ ਸਮੇਤ ਛੇਤੀ ਪਹੁੰਚਣ ਦਾ ਹੁਕਮ ਦਿੱਤਾ ਹੈ। ਸੈਦ ਖਾਨ ਨੇ ਸਿਰਫ ਕੁਝ ਪਹਿਰੇਦਾਰ ਪਿੱਛੇ ਛੱਡ ਕੇ ਬਾਕੀ ਸਾਰੀ ਫੌਜ ਲੈ ਕੇ ਕੂਚ ਕਰ ਦਿੱਤਾ। ਸਿੰਘ ਝੱਟ ਪੱਟ ਗੜ੍ਹੀ ਉਪਰ ਜਾ ਪਏ ਅਤੇ ਪਹਿਰੇਦਾਰਾਂ ਨੂੰ ਕਾਬੂ ਕਰਕੇ ਬਹੁਤ ਸਾਰਾ ਗੋਲੀ ਬਰੂਦ, ਉਸੇ ਗੜ੍ਹੀ ਦੇ ਸੌ ਊਠਾਂ ਉੱਪਰ ਲੱਦ ਕੇ ਨਵਾਬ ਜੀ ਦੀ ਹਾਜ਼ਰੀ ਵਿਚ ਆ ਪਹੁੰਚੇ। ਇਸੇ ਬਰੂਦ ਦੀ ਸਹਾਇਤਾ ਨਾਲ ਖਾਲਸੇ ਨੇ ਤਕੜਾ ਹਮਲਾ ਕਰਕੇ ਜਿੱਤ ਪ੍ਰਾਪਤ ਕੀਤੀ।

ਖ਼ਾਨ ਬਹਾਦਰ ਨੂੰ ਇਹ ਸਮਝ ਪੈ ਗਈ ਕਿ ਖਾਲਸੇ ਨੇ ਇਕ ਦਿਨ ਉਸਦਾ ਬੁਰਾ ਹਾਲ ਕਰਨਾ ਹੈ। ਇਸ ਡਰ ਨਾਲ ਉਸਨੇ ਕਿਲ੍ਹੇ ਤੋਂ ਬਾਹਰ ਨਿਕਲਣਾ ਬੰਦ ਕਰ ਦਿੱਤਾ।

ਇਧਰ ਨਵਾਬ ਕਪੂਰ ਸਿੰਘ ਨੇ ਖਾਨ ਬਹਾਦਰ ਦੀ ਹਰ ਦਿਨ ਦੀ ਖਬਰ ਪਹੁੰਚਾਉਣ ਲਈ ਸੂਹੀਏ ਨੀਅਤ ਕੀਤੇ ਹੋਏ ਸਨ। ਇਕ ਦਿਨ ਸੂਹੀਏ ਨੇ ਖਬਰ ਦਿੱਤੀ ਕਿ ਆਉਂਦੇ ਜ਼ੁਮੇਂ ਨੂੰ ਜ਼ਕਰੀਆ ਖਾਨ ਕਿਲ੍ਹੇ ਤੋਂ ਬਾਹਰ ਬਾਦਸ਼ਾਹੀ ਮਸੀਤ ਵਿਚ ਨਮਾਜ਼ ਪੜ੍ਹਨ ਜਾਵੇਗਾ। ਨਵਾਬ ਕਪੂਰ ਸਿੰਘ ਨੇ ਇਕ ਦਮ ਦੋ-ਹਜ਼ਾਰ ਸੂਰਬੀਰ ਚੁਣ ਕੇ ਹਰੇ ਰੰਗ ਦੇ ਬਸਤਰ ਪਹਿਨਾਣ ਦਾ ਪਰਬੰਧ ਕਰ ਲਿਆ ਅਤੇ ਇਸ ਤਰ੍ਹਾਂ ਹੈਦਰੀ ਝੰਡੇ ਦੇ ਨਮੂਨੇ ਉੱਪਰ ਇਕ ਝੰਡਾ ਤਿਆਰ ਕਰਵਾਇਆ। ਸਿੰਘਾਂ ਦੇ ਦਾੜ੍ਹੇ ਤਾਂ ਪਹਿਲਾਂ ਹੀ ਖੁੱਲੇ ਹੁੰਦੇ ਸਨ, ਕੇਸ ਵੀ ਖੋਲ੍ਹ ਕੇ ਇਸਲਾਮੀ ਮੁਜਦੀਨਾਂ ਵਾਂਗ ਪਿਛਾਂਹ ਖਿਲਾਰ ਲਏ। ਇਹ ਸਾਰੇ ਇਉਂ ਦਿਸਦੇ ਸਨ, ਜਿਵੇਂ ਉੱਚ ਦੇ ਪੀਰਾਂ ਦੇ ਮੁਰੀਦ ਸਿੰਘਾਂ ਵਿਰੁੱਧ ਜਹਾਦੀ ਲੜਾਈ ਲਈ ਆਏ ਹੋਣ। ਇਹ ਜੱਥਾ ਰਾਵੀ ਦੇ ਬੇਲੇ ਵਿੱਚੋਂ ਅੱਲਾ ਹੂ ਅਕਬਰ' (ਰੱਬ ਵੱਡਾ ਹੈ) ਨਾਹਰੇ ਲਗਾਉਂਦਾ ਬਾਦਸ਼ਾਹੀ ਮਸੀਤ ਵੱਲ ਆ ਗਿਆ। ਠੀਕ ਜੁਮੇਂ ਦੀ ਨਿਮਾਜ਼ ਤੋਂ ਪਹਿਲਾਂ ਸਾਰਾ ਜੱਥਾ ਨਵਾਬ ਜੀ ਸਮੇਤ ਟਕਸਾਲੀ ਦਰਵਾਜ਼ੇ ਪਾਸ ਬਾਹਰਵਾਰ ਤੈਨਾਤ ਹੋ ਕੇ ਖਾਨ ਬਹਾਦਰ ਦੀ ਇੰਤਜ਼ਾਰ ਕਰਨ ਲੱਗਾ। ਖਤਰੇ ਦਾ ਪਤਾ ਲਗਨ ਤੇ ਖਾਨ ਨੇ ਬਾਦਸ਼ਾਹੀ ਮਸੀਤ ਵਿਚ ਨਮਾਜ਼ ਪੜ੍ਹਨ ਦੀ ਵਿਚਾਰ ਬਦਲ ਦਿੱਤੀ। ਖਾਨ ਦੇ ਨਾ ਪਹੁੰਚਣ ਤੇ ਸਿੰਘਾਂ ਨੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡੇ ਅਤੇ ਸ਼ਹਿਰ ਵਿਚੋਂ ਲੋੜ ਦਾ ਸਮਾਨ ਲੈ ਕੇ ਹਰਨ ਹੋ ਗਏ।

ਬੁੱਢਾ ਦਲ ਦੇ ਸੂਰਮਿਆਂ ਦੀ ਇੱਛਾ ਮੁਤਾਬਿਕ ਨਵਾਬ ਜੀ ਪੂਰਬੀ ਮੁਸਲਮਾਨ ਹਾਕਮਾਂ ਦੀ ਸੁਧਾਈ ਲਈ ਸਤਲੁਜੋਂ ਪਾਰ ਹੋ ਕੇ ਮਾਲਵੇ ਵਿਚ ਪਹੁੰਚੇ। ਮਾਲਵੇ ਵਿਚ ਪੈਰ ਰਖਦਿਆਂ ਹੀ ਮਹਾਰਾਜਾ ਆਲਾ ਸਿੰਘ ਦੇ ਸਪੁੱਤਰਾਂ ਨੂੰ ਪਤਾ ਲੱਗਾ ਤਾਂ ਉਹ ਮੁਖੀ ਸਰਦਾਰਾਂ ਨੂੰ ਨਾਲ ਲੈ ਕੇ ਆਪ ਜੀ ਨੂੰ ਆ ਮਿਲੇ ਝੱਜਰ, ਦਾਦਰੀ, ਦੁਜਾਣਾ, ਪਟੋਦੀ, ਬਹਾਦਰਗੜ੍ਹ, ਫਰੀਦਾਬਾਦ, ਬਲਬੱਗੜ, ਮਹਰੌਲੀ, ਗੁੜਗਾਉਂ ਤੋਂ ਨਜ਼ਰਾਨੇ ਪ੍ਰਾਪਤ ਕਰਦੇ ਹੋਏ ਫਰੂਖਾਬਾਦ ਦੇ ਨਵਾਬ ਨਾਲ ਜਾ ਟੱਕਰੇ, ਉਸ ਨੂੰ ਤਕੜੀ ਹਾਰ ਦੇ ਕੇ ਨਜ਼ਰਾਨੇ ਲੈ ਕੇ ਅਤੇ ਵੱਡੀ ਸਫਲਤਾ ਨਾਲ ਆਪਣੇ ਘੋੜੇ ਮਾਇਆ ਨਾਲ ਲੱਦ ਕੇ ਮਾਲਵੇ ਵੱਲ ਪਰਤੇ। ਹੁਣ ਨਾਦਰ ਸ਼ਾਹ ਦੀ ਸੁਧਾਈ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ। ਨਾਦਰਸ਼ਾਹ ਬੜਾ ਜ਼ਾਲਮ ਬਾਦਸ਼ਾਹ ਸੀ। ਦਿੱਲੀ ਵਿਚ ਇਸ ਨੇ ਲਗਭਗ 120000 ਜਵਾਨ, ਬੁੱਢੇ, ਬੱਚੇ ਤੇ ਇਸਤ੍ਰੀਆਂ ਕਤਲ ਕਰਵਾ ਦਿੱਤੇ ਸਨ। ਘਰ ਫੂਕ ਦਿੱਤੇ ਸਨ ਅਤੇ ਮਹੱਲੇ ਲੁੱਟ ਲਏ ਸਨ।

ਜਦ ਇਹ ਖਬਰ ਨਵਾਬ ਕਪੂਰ ਸਿੰਘ ਨੂੰ ਪਹੁੰਚੀ ਤਾਂ ਆਪ ਨੇ ਝੱਟ ਦੋਹਾਂ ਦਲਾਂ ਨੂੰ ਇਕੱਠੇ ਕਰਕੇ ਐਲਾਨ ਕੀਤਾ ਕਿ ਨਾਦਰਸ਼ਾਹ ਦਾ ਇਹ ਖਿਆਲ ਬਦਲ ਦੇਣਾ ਹੈ ਕਿ ਉਸ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ। ਨਵਾਬ ਜੀ ਨੇ ਲੰਮੀ ਵਿਚਾਰ ਉਪਰੰਤ ਇਹ ਵਿਉਂਤ ਬਣਾਈ ਕਿ ਹਰ ਦੂਜੀ ਤੀਜੀ ਰਾਤ ਨੂੰ ਦਿਸ਼ਾ ਤੇ ਸਮਾਂ ਬਦਲ ਬਦਲ ਕੇ ਨਾਦਰਸ਼ਾਹ ਦੇ ਡੇਰੇ ਉੱਪਰ ਛਾਪੇ ਮਾਰ ਕੇ ਉਸ ਤੋਂ ਦੇਸ਼ ਦੇ ਬੱਚੇ ਤੇ ਇਸਤਰੀਆਂ ਛੁਡਾ ਲਈਆਂ ਜਾਣ, ਅਤੇ ਜਿਤਨੇ ਹਥਿਆਰ ਅਤੇ ਘੋੜੇ ਖੋਹੇ ਜਾ ਸਕਣ, ਖੋਹ ਲਏ ਜਾਣ। ਖਾਲਸੇ ਨੇ ਨਾਦਰ ਸ਼ਾਹ ਦਾ ਪਿੱਛਾ ਕਰਕੇ ਬਹੁਤ ਇਸਤ੍ਰੀਆਂ,ਧਨ,ਘੋੜੇ ਅਤੇ

ਹਥਿਆਰ ਵਾਪਸ ਲਏ।ਨਾਦਰ ਸ਼ਾਹ ਬਹੁਤ ਲਾਲ ਪੀਲਾ ਹੋਇਆ ਅਤੇ ਕਿਹਾ, " ਇਹਨਾਂ ਦੇ ਘਰ-ਘਾਟ ਕਿੱਥੇ ਹਨ, ਮੈਂ ਇਹਨਾਂ ਨੂੰ ਖਤਮ ਕਰ ਦਿਆਂਗਾ।" ਜ਼ਕਰੀਆ ਖਾਨ ਨੇ ਦਸਿਆ ਕਿ "ਇਹਨਾਂ ਦੇ ਘਰ-ਘਾਟ ਘੋੜ੍ਹਿਆਂ ਦੀਆਂ ਕਾਠੀਆਂ ਹਨ।"ਇਹ ਸੁਣ ਕੇ ਨਾਦਰ ਕਹਿਣ ਲੱਗਾ ਕਿ ਉਹ ਦਿਨ ਦੂਰ ਨਹੀਂ ਜਦ ਇਹ ਮੁਲਕ ਦੇ ਬਾਦਸ਼ਾਹ ਬਣਨਗੇ।

ਜ਼ਕਰੀਆ ਖਾਨ ਜੁਲਾਈ 1745 ਨੂੰ ਮਰ ਗਿਆ।ਸਲਾਬਤ ਖਾਨ ਅੰਮ੍ਰਿਤਸਰ ਦੀ ਸ਼ਾਹੀ ਫੌਜ ਦਾ ਹਾਕਮ ਨੀਯਤ ਹੋਇਆ। ਇਸਨੇ ਪਹਿਰਾ ਇਤਨਾ ਸਖਤ ਕਰ ਦਿਤਾ ਕਿ ਜੇ ਕੋਈ ਸਿੱਖ ਸਰੋਵਰ ਤੱਕ ਪਹੁੰਚ ਵੀ ਜਾਂਦਾ, ਤਾਂ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਜਾਂਦਾ , ਇਸਦੀ ਸੁਧਾਈ ਕਰਨ ਲਈ ਨਵਾਬ ਜੀ ਨੇ ਦੋਹਾਂ ਦਲਾਂ ਦੇ ਮੁਖੀਆਂ ਨੂੰ ਇਕੱਠੇ ਕਰਕੇ ਅੰਮ੍ਰਿਤਸਰ ਨੂੰ ਆਜ਼ਾਦ ਕਰਾਉਣ ਦਾ ਮਤਾ ਪੰਥ ਅੱਗੇ ਰੱਖਿਆ ਅਤੇ ਖਾਲਸੇ ਨੇ ਪ੍ਰਵਾਨ ਕੀਤਾ। ਇਸ ਮੁਹਿੰਮ ਦੀ ਅਗਵਾਈ ਲਈ ਨਵਾਬ ਜੀ ਨੇ ਸ: ਜੱਸਾ ਸਿੰਘ ਆਹਲੂਵਾਲੀਏ ਦੀ ਡਿਊਟੀ ਲਗਾਈ। ਮਾਰਚ 1748 ਵਿਚ ਪਹਿਰ ਕੁ ਰਾਤ ਰਹਿੰਦੀ ਸਮੇਂ ਵੈਰੀਆਂ ਉੱਤੇ ਕਹਿਰੀ ਹਮਲਾ ਕੀਤਾ। ਖਾਲਸਾ ਵੱਡ-ਟੁਕ ਕਰਦਾ ਸਿੱਧਾ ਸਲਾਬਤ ਖਾਨ ਦੀ ਗੜ੍ਹੀ ਉੱਤੇ ਜਾ ਪਿਆ। ਸਲਾਬਤ ਖਾਨ ਵੀ ਮੁਕਾਬਲੇ ਵਿਚ ਡੱਟ ਗਿਆ, ਪਰ ਖਾਲਸੇ ਦੇ ਜੋਸ਼ ਸਾਹਮਣੇ ਅੜਨਾ ਕੋਈ ਸੌਖੀ ਖੇਡ ਨਹੀਂ ਸੀ। ਦੁਪਹਿਰ ਤੱਕ ਵੈਰੀਆਂ ਦੇ ਪੈਰ ਉਖੜਨੇ ਸ਼ੁਰੂ ਹੋ ਗਏ ਤਾਂ ਸਲਾਬਤ ਖਾਨ ਸ. ਜੱਸਾ ਸਿੰਘ ਦੇ ਸਾਹਮਣੇ ਆ ਡਟਿਆ। ਸਰਦਾਰ ਜੱਸਾ ਸਿੰਘ ਇਵੇਂ ਝਪਟਿਆ ਜਿਵੇਂ ਬਾਜ਼ ਆਪਣੇ ਸ਼ਿਕਾਰ ਉੱਪਰ ਝਪਟਦਾ ਹੈ। ਉਸ ਨੇ ਖਾਨ ਉੱਪਰ ਐਸਾ ਵਾਰ ਕੀਤਾ ਕਿ ਉਸਦੇ ਦੋ ਟੋਟੇ ਕਰ ਕੇ ਧਰਤੀ ਉੱਤੇ ਸੁੱਟ ਦਿੱਤੇ। ਉਸਦਾ ਭਤੀਜਾ ਨਿਜ਼ਾਬਤ ਖਾਨ ਗੁੱਸਾ ਖਾ ਕੇ ਸ. ਜੱਸਾ ਸਿੰਘ ਉੱਪਰ ਵਾਰ ਕਰਨ ਨੂੰ ਅੱਗੇ ਵਧਿਆ ਹੀ ਸੀ ਕਿ ਨਵਾਬ ਜੀ ਨੇ ਇਕੋ ਤੀਰ ਨਾਲ ਉਸ ਨੂੰ ਪਾਰ ਬੁਲਾ ਦਿੱਤਾ। ਵੈਰੀ ਦੀ ਫੌਜ ਦੌੜ ਗਈ ਅਤੇ ਖਾਲਸੇ ਦਾ ਅੰਮ੍ਰਿਤਸਰ ਉੱਤੇ ਕਬਜ਼ਾ ਹੋ ਗਿਆ।

7 ਅਕਤੂਬਰ ਸੰਨ 1753 ਵਿਚ ਅੰਮ੍ਰਿਤਸਰ ਵਿਖੇ ਇਕ ਵੱਡਾ ਇਕੱਠ ਹੋਇਆ ਅਤੇ ਨਵਾਬ ਸਾਹਿਬ ਜੀ ਨੇ ਖਾਲਸੇ ਨੂੰ ਦਸਿਆ, ਕਿ ਮੇਰਾ ਅੰਤਿਮ ਸਮਾਂ ਹੁਣ ਨੇੜੇ ਹੈ, ਮੈਂ ਜਦ ਵੀ ਆਪ ਤੋਂ ਕਿਸੇ ਦਾਨ ਦੀ ਮੰਗ ਕੀਤੀ ਹੈ ਤਾਂ ਆਪ ਸਦਾ ਹੀ ਨਿਵਾਜਦੇ ਰਹੇ ਹੋ। ਪਰ ਹੁਣ ਮੈਂ ਅੰਤਿਮ ਦਾਨ ਮੰਗਦਾ ਹਾਂ, ਮੈਨੂੰ ਪੂਰੀ ਆਸ ਹੈ ਕਿ ਆਪ ਮੈਨੂੰ ਇਹ ਦਾਨ ਬਖਸ਼ ਕੇ ਨਿਵਾਜ਼ੋਗੇ। ਉਹ ਮੰਗ ਇਹ ਹੈ ਕਿ ਆਪ ਨੇ ਇਕ ਮੁੱਠ ਹੋ ਕੇ ਰਹਿਣਾ, ਅੱਜ ਤੋਂ ਆਪ ਨੂੰ ਜੱਸਾ ਸਿੰਘ ਆਹਲੂਵਾਲੀਏ ਜੈਸੀ ਮਹਾਨ ਗੁਰਸਿੱਖ ਹਸਤੀ ਨੂੰ ਸੌਂਪਣਾ ਕੀਤਾ ਹੈ। ਉਪਰੰਤ ਆਪ ਨੇ ਸ੍ਰੀ ਕਲਗੀਧਰ ਜੀ ਦੇ ਗਾਤਰੇ ਦੀ ਸ੍ਰੀ ਸਾਹਿਬ ਜੋ ਆਪ ਨੂੰ ਮਾਤਾ ਸੁੰਦਰ ਕੌਰ ਜੀ ਤੋਂ ਪ੍ਰਾਪਤ ਹੋਈ ਸੀ, ਸ: ਜੱਸਾ ਸਿੰਘ ਨੂੰ ਬਖਸ਼ੀ। ਇਸਦੇ ਨਾਲ ਹੀ ਪੰਥ ਦੀ ਜਥੇਦਾਰੀ ਉਸ ਦੇ ਹੱਥ ਸੌਂਪ ਕੇ ਆਪ ਚੜ੍ਹਾਈ ਕਰ ਗਏ। ਆਪ ਦਾ ਸਸਕਾਰ ਬਾਬਾ ਅਟੱਲ ਜੀ ਦੇ ਗੁਰਦੁਆਰੇ ਪਾਸ ਕੀਤਾ ਗਿਆ।

***

8. ਭਾਈ ਬੋਤਾ ਸਿੰਘ ਗਰਜਾ ਸਿੰਘ ਜੀ

ਸਿੱਖ ਇਤਿਹਾਸ ਨੇ ਸਮੇਂ-ਸਮੇਂ ਅਜਿਹੇ ਸੂਰਮੇ ਅਤੇ ਯੋਧੇ ਪੈਦਾ ਕੀਤੇ, ਜਿਨ੍ਹਾਂ ਨੇ ਸਮੇਂ ਦੀ ਹਕੂਮਤ ਨਾਲ ਟੱਕਰ ਲੈ ਕੇ ਅਜਿਹੇ ਕੀਰਤੀਮਾਨ ਸਥਾਪਤ ਕੀਤੇ, ਜਿਨ੍ਹਾਂ ਦੀ ਮਿਸਾਲ ਦੁਨੀਆਂ ਵਿਚ ਕਿਧਰੇ ਵੀ ਨਹੀਂ ਮਿਲਦੀ। ਸਿੱਖ ਕੌਮ ਦੇ ਅਨਮੋਲ ਹੀਰਿਆਂ ਨੇ ਆਪਣੀ ਅਣਖ ਅਤੇ ਗੈਰਤ ਨੂੰ ਆਪਣੀ ਜਾਨ ਨਾਲੋਂ ਵੱਧ ਪਿਆਰਾ ਜਾਣ ਕੇ ਵੱਡੀਆਂ-ਵੱਡੀਆਂ ਹਕੂਮਤਾਂ ਅੱਗੇ ਸਿਰ ਝੁਕਾਉਣ ਦੀ ਥਾਂ ਸ਼ਹੀਦੀ ਦੇਣ ਨੂੰ ਤਰਜੀਹ ਦਿੱਤੀ। ਸਿੱਖ ਯੋਧਿਆਂ ਦੀ ਲੜੀ ਵਿਚ ਬੋਤਾ ਸਿੰਘ ਗਰਜਾ ਸਿੰਘ ਦਾ ਨਾਂ ਵੀ ਬੜੇ ਮਾਣ ਨਾਲ ਲਿਆ ਜਾਂਦਾ ਹੈ, ਜਿਨ੍ਹਾਂ ਨੇ ਸਿੱਖ ਕੌਮ ਦੀ ਅਣਖ ਅਤੇ ਗੈਰਤ ਨੂੰ ਮੁੱਖ ਰੱਖਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ ਅਤੇ ਸਿੱਖ ਇਤਿਹਾਸ ਵਿਚ ਆਪਣਾ ਨਾਂ ਸਦਾ ਲਈ ਦਰਜ ਕਰਵਾ ਗਏ।

ਇਹ ਘਟਨਾ ਨਾਦਰ ਸ਼ਾਹ ਦੇ ਹਿੰਦੋਸਤਾਨ ਉੱਤੇ ਪਹਿਲੇ ਹਮਲੇ ਤੋਂ ਬਾਅਦ ਦੀ ਹੈ। ਨਾਦਰਸ਼ਾਹ ਨੇ ਜਨਵਰੀ ਸੰਨ 1739 ਵਿਚ ਹਮਲਾ ਕੀਤਾ, ਜਦ ਮੁਹੰਮਦ ਸ਼ਾਹ ਰੰਗੀਲਾ ਦਿੱਲੀ ਦਾ ਬਾਦਸ਼ਾਹ ਸੀ। ਇਸ ਹਮਲੇ ਦੇ ਦੌਰਾਨ ਜਦੋਂ ਨਾਦਰ ਸ਼ਾਹ 5 ਮਹੀਨੇ ਦਿੱਲੀ ਵਿਚ ਰਿਹਾ, ਤਾਂ ਸਿੰਘਾਂ ਨੇ ਪੰਜਾਬ ਵਿਚ ਸਿੱਖੀ ਦੇ ਦੁਸ਼ਮਣ ਜਨੂੰਨੀ ਮੁਸਲਮਾਨਾਂ ਤੇ ਮੁਖਬਰ ਹਿੰਦੂਆਂ ਦੀ ਖ਼ੂਬ ਖੁੰਭ ਠੱਪੀ। ਨਾਦਰ ਸ਼ਾਹ ਦੀ ਵਾਪਸੀ ਸਮੇਂ ਸਿੰਘਾਂ ਨੇ ਸ਼ਾਹੀ ਸੜਕ ਤੇ ਛਾਪੇ ਮਾਰ ਕੇ ਖ਼ੂਬ ਸਮਾਨ ਲੁੱਟਿਆ।

ਜਨਰਲ ਗਾਰਡਨ ਨੇ ਆਪਣੀ ਪੁਸਤਕ- 'ਸਿੱਖਸ' ਵਿਚ ਸਮੇਂ ਦੇ ਹਾਲਾਤ ਇਸ ਤਰ੍ਹਾਂ ਬਿਆਨ ਕੀਤੇ ਹਨ ਕਿ ''ਸਿੰਘਾਂ ਦੇ ਹਮਲਿਆਂ ਤੋਂ ਤੰਗ ਆ ਕੇ ਗੁੱਸੇ ਨਾਲ ਭਰੇ ਨਾਦਰ ਸ਼ਾਹ ਨੇ ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਨੂੰ ਕਿਹਾ, 'ਇਹ ਲੰਮੇ ਵਾਲਾਂ ਵਾਲੇ ਜੰਗਲੀ ਲੋਕ, ਜਿਨ੍ਹਾਂ ਮੈਨੂੰ ਤੰਗ ਕਰਨ ਦੀ ਦਲੇਰੀ ਕੀਤੀ ਹੈ, ਇਨ੍ਹਾਂ ਦੇ ਘਰਾਂ ਨੂੰ ਤਬਾਹ ਕਰ ਦਿਓ।' ਜ਼ਕਰੀਆ ਖਾਂ ਨੇ ਜਵਾਬ ਦਿੱਤਾ, 'ਜਨਾਬ, ਇਨ੍ਹਾਂ ਦੇ ਘਰ, ਘੋੜ੍ਹਿਆਂ ਦੀਆਂ ਕਾਠੀਆਂ ਹਨ। ਮੁਰਸ਼ਦ ਇਨ੍ਹਾਂ ਦਾ ਵਲੀ ਹੋਇਆ ਹੈ, ਉਸ ਨੇ ਇਨ੍ਹਾਂ ਨੂੰ ਕੋਈ ਆਬਹਯਾਤ (ਅੰਮ੍ਰਿਤ) ਦਿੱਤਾ ਹੈ। ਉਸਦਾ ਐਸਾ ਅਸਰ ਦੇਖਿਆ ਹੈ ਕਿ ਜੇ ਕੋਈ ਬੁਜ਼ਦਿਲ ਪੀ ਲੈਂਦਾ ਹੈ, ਤਾਂ ਉਹ ਸ਼ੇਰ ਬਣ ਜਾਂਦਾ ਹੈ। ਇਹ ਬਹੁਤ ਸਿਫਤਾਂ ਦੇ ਮਾਲਕ ਹਨ। ਇਨ੍ਹਾਂ ਦਾ ਉੱਚ ਕੋਟੀ ਦਾ ਆਚਰਨ ਹੈ। ਇਹ ਸੁੱਖ ਦੁੱਖ ਨੂੰ ਬਰਾਬਰ ਸਮਝਦੇ ਹਨ। ਮਾਰ ਮਾਰ ਕੇ ਥੱਕ ਗਏ ਹਾਂ, ਪਰ ਇਹ ਵਧੀ ਜਾਂਦੇ ਹਨ। ਇਨ੍ਹਾਂ ਨੂੰ ਕੇਵਲ ਮਰਨ ਦਾ ਹੀ ਚਾਅ ਹੈ।' ਇਹ ਬਾਤ ਸੁਣ ਕੇ ਨਾਦਰ ਸ਼ਾਹ ਨੇ ਕਿਹਾ, 'ਉਹ ਸਮਾਂ ਨੇੜੇ ਹੀ ਹੈ, ਜਦ ਇਹ ਮੁਲਕ ਸੰਭਾਲ ਲੈਣਗੇ।''

ਨਾਦਰ ਸ਼ਾਹ ਨੂੰ ਵਿਦਾ ਕਰਕੇ ਜਦ ਜ਼ਕਰੀਆ ਖਾਨ ਲਾਹੌਰ ਮੁੜਿਆ, ਤਾਂ ਹੋਰ ਕੌਮਾਂ ਤੋਂ ਵਿਹਲਾ ਹੋ ਕੇ, ਉਸ ਨੇ ਸਿੱਖਾਂ ਨੂੰ ਖਤਮ ਕਰਨ ਦਾ ਤਹੱਈਆ ਕੀਤਾ, ਗਸ਼ਤੀ ਫੌਜਾਂ ਹਰ ਪਾਸੇ ਛੱਡ ਦਿੱਤੀਆਂ ਗਈਆਂ, ਸਿੱਖਾਂ ਦੇ ਸਿਰਾਂ ਦੇ ਇਨਾਮ ਰੱਖ ਦਿੱਤੇ ਗਏ ਅਤੇ ਅੰਮ੍ਰਿਤਸਰ ਸਰੋਵਰ ਨੂੰ ਪੂਰਨ ਦਾ ਹੁਕਮ ਦੇ ਦਿੱਤਾ ਗਿਆ।

ਇਸ ਅੱਤ ਦੀ ਮੁਸ਼ਕਲ ਸਮੇਂ ਆਪਣੀ ਤਾਕਤ ਨੂੰ ਜਥੇਬੰਦ ਕਰਨ ਹਿੱਤ, ਸਿੰਘ

ਰਾਜਪੂਤਾਨੇ, ਪਹਾੜੀਆਂ ਅਤੇ ਜੰਗਲਾਂ ਵਿਚ ਦੂਰ ਨਿਕਲ ਗਏ। ਇਸ ਉਪਰੰਤ ਜ਼ਕਰੀਆ ਖਾਨ ਨੇ ਐਲਾਨ ਕਰਵਾ ਦਿੱਤਾ ਕਿ "ਸਿੱਖ ਖਤਮ ਕਰ ਦਿੱਤੇ ਗਏ ਹਨ, ਤਾਂ ਕਿ ਕੋਈ ਵੀ ਡਰ ਦੇ ਮਾਰੇ ਸਿੱਖ ਬਣਨ ਦਾ ਹੀਆ ਨਾ ਕਰੇ।"

ਸਿੱਖ ਆਪਣੇ ਕੇਂਦਰੀ ਅਸਥਾਨ ਉੱਤੇ ਆਪਣਾ ਹੱਕ ਦਰਸਾਉਣ ਲਈ ਜਦ ਵੀ ਮੌਕਾ ਲੱਗੇ, ਥੋੜ੍ਹੇ-ਥੋੜ੍ਹੇ ਕਰਕੇ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ ਇਸ਼ਨਾਨ ਕਰ ਜਾਂਦੇ ਹਨ, ਜਦ ਜ਼ਕਰੀਆ ਖਾਨ ਨੇ ਅੰਮ੍ਰਿਤਸਰ ਵਿਚ ਸਿੱਖਾਂ ਨੂੰ ਕਿਸੇ ਕੀਮਤ ਤੇ ਨਾ ਵੜਨ ਦੀ ਪਾਬੰਦੀ ਲਾ ਦਿੱਤੀ, ਤਾਂ ਸਿੱਖਾਂ ਨੇ ਅਣਖ ਦੀ ਖਾਤਰ ਦਿਨੇ ਆ ਕੇ ਅੰਮ੍ਰਿਤਸਰ ਦੇ ਦਰਸ਼ਨ ਕਰਕੇ ਹੱਕ ਪ੍ਰਗਟਾਉਣਾ ਜ਼ਰੂਰੀ ਸਮਝਿਆ। ਐਸੀ ਭਾਵਨਾ ਦੇ ਆਧਾਰ ਤੇ ਹੀ ਦੋ ਗੁਰਸਿੱਖ, ਭਾਈ ਬੋਤਾ ਸਿੰਘ, ਭਾਈ ਗਰਜਾ ਸਿੰਘ, ਅੰਮ੍ਰਿਤਸਰ ਦੇ ਦਰਸ਼ਨਾਂ ਲਈ ਰਾਜਪੂਤਾਨੇ ਤੋਂ ਚੱਲੇ। ਜਿਵੇਂ ਕਿ ਉਸ ਸਮੇਂ ਗੁਰਸਿੱਖਾਂ ਨੇ ਢੰਗ ਉਲੀਕਿਆ ਹੋਇਆ ਸੀ, ਇਹ ਰਾਤ ਨੂੰ ਸਫਰ ਕਰਦੇ ਸਨ ਅਤੇ ਦਿਨ ਨੂੰ ਜੰਗਲਾਂ-ਬੇਲਿਆਂ ਅੰਦਰ ਰਹਿੰਦੇ ਸਨ।

ਇਕ ਸ਼ਾਮ ਨੂੰ ਜਦ ਦੋਵੇਂ ਤਰਨ ਤਾਰਨ ਸਾਹਿਬ ਦੇ ਨੇੜੇ ਬੇਲੇ 'ਚੋਂ ਨਿਕਲ ਕੇ ਸਫਰ ਦੀ ਤਿਆਰੀ ਵਿਚ ਸਨ, ਤਾਂ ਦੋ ਮੁਸਲਮਾਨ ਕਿਸਾਨ ਉਧਰੋਂ ਦੀ ਲੰਘੇ। ਉਹਨਾਂ ਨੇ ਝਾੜੀਆਂ ਪਿੱਛੇ ਕੁਝ ਪਰਛਾਵਾਂ ਦੇਖ ਕੇ ਇਸ ਪ੍ਰਕਾਰ ਆਪਸ ਵਿਚ ਗੱਲਬਾਤ ਕੀਤੀ:

ਇਕ ਮੁਸਲਮਾਨ, ''ਇਹ ਝਾੜੀਆਂ ਪਿੱਛੇ ਸਿੱਖ ਭਾਸਦੇ ਹਨ।''

ਦੂਜਾ ਮੁਸਲਮਾਨ, ''ਨਹੀਂ, ਉਹ ਤਾਂ ਛੁਪਣ ਵਾਲੇ ਨਹੀਂ ਹੁੰਦੇ, ਸਾਹਮਣੇ ਮੁਕਾਬਲਾ ਕਰਕੇ ਮਾਰਦੇ ਜਾਂ ਮਰਦੇ ਹਨ।''

ਪਹਿਲਾ, ''ਪਹਿਰਾਵੇ ਅਤੇ ਡੀਲ-ਡੌਲ ਤੋਂ ਤਾਂ ਸਿੱਖ ਹੀ ਦਿਸਦੇ ਹਨ।''

ਦੂਜਾ, ''ਸੂਬਾ-ਲਾਹੌਰ ਨੇ ਢੰਡੋਰਾ ਪਿਟਵਾਇਆ ਹੈ ਕਿ ਸਿੱਖ ਸਭ ਮਾਰ ਦਿੱਤੇ ਗਏ ਹਨ ਅਤੇ ਹੁਣ ਪੰਜਾਬ ਵਿਚ ਕੋਈ ਸਿੱਖ ਨਹੀਂ ਬਚਿਆ। ਚਲ ਜ਼ਰਾ ਦੇਖੀਏ ਕੌਣ ਹਨ।'' ਜੇ ਸਿੱਖ ਹੋਏ ਤਾਂ ਬਚਣਾ ਮੁਸ਼ਕਲ ਹੋਏਗਾ, ਅਸੀਂ ਕੀ ਲੈਣਾ ਹੈ?"

ਇਹ ਗੱਲਾਂ ਕਰਕੇ ਮੁਸਲਮਾਨ ਤਾਂ ਡਰ ਕੇ ਚਲੇ ਗਏ, ਪਰ ਉਨ੍ਹਾਂ ਦੀਆਂ ਆਪਸ ਵਿਚ ਹੋਈਆਂ ਬਾਤਾਂ ਦੋਹਾਂ ਸਿੰਘਾਂ- ਭਾਈ ਗਰਜਾ ਸਿੰਘ, ਭਾਈ ਬੋਤਾ ਸਿੰਘ ਦੀ ਅਣਖ ਨੂੰ ਟੁੰਬਿਆ ਅਤੇ ਉਨ੍ਹਾਂ ਸਿੱਖਾਂ ਵਿਰੁੱਧ ਕੀਤੇ ਜਾ ਰਹੇ ਪ੍ਰਚਾਰ ਦਾ ਜੁਆਬ ਦੇਣ ਲਈ ਤਰਨ-ਤਾਰਨ ਦੇ ਪਾਸ ਸ਼ਾਹੀ ਸੜਕ ਉੱਤੇ 'ਨੂਰ-ਦੀਨ' ਦੀ ਚੁੰਗੀ ਉੱਤੇ ਹੱਲਾ ਕਰਕੇ ਕਬਜ਼ਾ ਕਰ ਲਿਆ। ਇਸ ਸੜਕ ਤੋਂ ਲੰਘਣ ਵਾਲੇ ਹਰ ਗੱਡੇ ਪਾਸੋਂ ਇਕ ਆਨਾ (ਚਾਰ ਪੈਸੇ) ਤੇ ਖੋਤੇ ਪਾਸੋਂ ਇਕ ਪੈਸਾ (ਉਸ ਸਮੇਂ ਸਮਾਨ ਢੋਣ ਦਾ ਤਰੀਕਾ ਗੱਡੇ ਤੇ ਖੋਤੇ ਸਨ) ਟੈਕਸ (ਚੁੰਗੀ) ਲੈਣਾ ਸ਼ੁਰੂ ਕਰ ਦਿੱਤਾ। ਇਸ ਦੇ ਨਾਲ ਇਹ ਵੀ ਦਸਦੇ ਜਾਣ ਕਿ ਇਥੇ ਖਾਲਸੇ ਦਾ ਰਾਜ ਹੈ, ਅਤੇ ਖਾਲਸਾ ਖਤਮ ਨਹੀਂ ਕੀਤਾ ਜਾ ਸਕਦਾ। ਆਸ ਪਾਸ ਖਬਰ ਫੈਲ ਗਈ ਕਿ ਸ਼ਾਹੀ ਸੜਕ ਉੱਤੇ ਸਿੱਖਾਂ ਦਾ ਰਾਜ ਸਥਾਪਿਤ ਹੈ। ਗਸ਼ਤੀ ਫੌਜ ਡਰਦੀ ਮਾਰੀ ਉਧਰ ਨਾ ਜਾਏ। ਜਦ ਕਈ ਦਿਨਾਂ ਤਕ ਕੋਈ ਗਸ਼ਤ ਨਾ ਆਈ ਤਾਂ ਇਕ

ਮੁਸਾਫਿਰ ਦੇ ਹੱਥ ਲਾਹੌਰ ਸੂਬੇ ਨੂੰ ਚਿੱਠੀ ਲਿਖ ਭੇਜੀ, ਜੋ ਗਿਆਨੀ ਗਿਆਨ ਸਿੰਘ ਨੇ ਇਸ ਪ੍ਰਕਾਰ ਬਿਆਨੀ ਹੈ :-

ਚਿੱਠੀ ਸੁਨਹੋ ਖਾਨੂ ਖੋਤਾ। ਆਨਾ ਗੱਡਾ, ਪੈਸਾ ਖੋਤਾ।
ਏਹੁ ਜਗਾਤ ਲੇਤ ਸਿੰਘ ਬੋਤਾ। ਹਥ ਮੇਂ ਰਖਤ ਸੋਟਾ ਮੋਟਾ।
ਮੇਰਾ ਕਹੀਂ ਸੁਨੇਹਾ ਜਾਇ। ਭਾਬੀ ਖਾਨੋ ਨੂੰ ਸਮਝਾਇ।

ਜਦ ਜ਼ਕਰੀਆ ਖਾਂ ਨੂੰ ਇਹ ਖਬਰ ਪਹੁੰਚੀ, ਤਾਂ ਉਸ ਨੇ ਦੋ ਸੌ ਸਿਪਾਹੀਆਂ ਦਾ ਦਸਤਾ ਭੇਜਿਆ। ਇਸ ਦਸਤੇ ਨੇ ਚੁੰਗੀ ਦੁਆਲੇ ਘੇਰਾ ਪਾ ਲਿਆ। ਸਿੰਘਾਂ ਸੋਚਿਆ ਸ਼ਹੀਦ ਹੋਣ ਤੋਂ ਪਹਿਲਾਂ ਇਹਨਾਂ ਨੂੰ ਜ਼ਲੀਲ ਕਰਨਾ ਲਾਹੇਵੰਦ ਰਹੇਗਾ। ਸੋ ਉਹਨਾਂ ਨੇ ਚੈਲੰਜ ਕੀਤਾ ਕਿ ਜੇ ਆਪਣੇ ਆਪ ਨੂੰ ਬਹਾਦਰ ਕਹਿੰਦੇ ਹੋ, ਤਾਂ ਤੁਸੀਂ ਇਕ ਇਕ ਬਹਾਦਰ ਭੇਜੋ ਅਤੇ ਆ ਕੇ ਸਾਡੇ ਨਾਲ ਲੜ ਕੇ ਫੈਸਲਾ ਕਰ ਲਵੋ। ਜਦ ਇਕ ਇਕ ਕਰਕੇ ਕਰੀਬ 12 ਸਿਪਾਹੀ ਮਾਰੇ ਗਏ, ਤਾਂ ਸਿੰਘਾਂ ਨੇ ਕਿਹਾ ਕਿ ਤੁਸੀਂ ਦੋ ਦੋ ਬੰਦੇ ਭੇਜੋ, ਅਸੀਂ ਇਕੱਲੇ ਹੀ ਲੜਾਂਗੇ। ਇਸ ਤਰ੍ਹਾਂ ਜਦ ਕਰੀਬ ਮੁਸਲਮਾਨਾਂ ਦੇ 20 ਕੁ ਬੰਦੇ ਮਾਰੇ ਗਏ, ਤਾਂ ਗੁੱਸੇ ਵਿਚ ਆ ਕੇ ਉਹਨਾਂ ਨੇ ਹੱਲਾ ਕਰ ਦਿੱਤਾ ਅਤੇ ਦੋਵੇਂ ਸਿੰਘ ਕਈਆਂ ਨੂੰ ਮਾਰ ਕੇ ਸ਼ਹੀਦ ਹੋ ਗਏ। ਇਸ ਘਟਨਾ ਤੋਂ ਸਿੱਖ ਕੌਮ ਹਮੇਸ਼ਾਂ ਵਾਸਤੇ ਅਗਵਾਈ ਲੈਂਦੀ ਰਹੇਗੀ, ਕਿ ਸਾਡੇ ਬਜ਼ੁਰਗ ਹਰ ਪੱਖੋਂ ਦੂਰ-ਅੰਦੇਸ਼ ਅਤੇ ਬਹੁਤ ਸੂਝਵਾਨਤਾ ਤੋਂ ਕੰਮ ਲੈਂਦੇ ਸਨ।

ਫਿਲਾਸਫੀ

9. ਗੁਰੂ

ਗੁਰੂ ਪਦ ਦੀ ਵਰਤੋਂ ਭਾਵੇਂ ਪੁਰਾਣੇ ਸਮੇਂ ਤੋਂ ਹੁੰਦੀ ਆਈ ਹੈ, ਪਰ ਇਸ ਪਦ ਦੀ ਜੋ ਵਿਸ਼ੇਸ਼ਤਾ, ਮਹੱਤਤਾ ਤੇ ਸਪੱਸ਼ਟਤਾ ਸਿੱਖ ਧਰਮ ਦੁਆਰਾ ਬਣੀ ਹੈ, ਉਹ ਏਨੀ ਵਿਸ਼ੇਸ਼ ਤੇ ਭਾਵ ਪੂਰਤ ਹੈ ਕਿ ਦਸਾਂ ਪਾਤਸ਼ਾਹੀਆਂ ਦੁਆਰਾ ਪ੍ਰਚਾਰੀ ਵਿਚਾਰਧਾਰਾ ਨੂੰ ਗੁਰਮਤਿ (ਗੁਰੂ ਦੀ ਮੱਤ) ਕਿਹਾ ਜਾਂਦਾ ਹੈ। ਗੁਰਮਤਿ ਵਿਚ ਕਿਉਂਕਿ ਗੁਰੂ ਦੀ ਬਹੁਤ ਹੀ ਮਹੱਤਤਾ ਤੇ ਵਡਿਆਈ ਦੱਸੀ ਗਈ ਹੈ, ਇਸ ਲਈ ਜ਼ਰੂਰੀ ਹੈ ਕਿ ਗੁਰੂ ਬਾਰੇ ਬਹੁਪੱਖੀ ਵਿਚਾਰ ਕੀਤੀ ਜਾਏ।

ਗੁਰੂ ਕੌਣ ?

ਗੁਰੂ ਪਦ ਦੇ ਅਰਥ ਹਨ -ਪ੍ਰਕਾਸ਼ ਸਰੂਪ, ਸਿਖਿਆ ਦਾਤਾ, ਆਤਮਿਕ ਗਿਆਨ ਦੇਣ ਵਾਲਾ, ਵੱਡਾ ਅਤੇ ਸ੍ਰੇਸ਼ਟ ਬੁੱਧੀ ਵਾਲਾ। ਭਾਈ ਕਾਹਨ ਸਿੰਘ 'ਨਾਭਾ' ਗੁਰੂ ਪਦ ਦੀ ਪਰਿਭਾਸ਼ਾ ਇਉਂ ਦੇਂਦੇ ਹਨ: **''ਅਗਿਆਨ ਵਿਨਾਸ਼ਕ, ਸੱਤ ਅਤੇ ਹਿੱਤ ਉਪਦੇਸ਼ਕ ਦਾ ਨਾਉਂ ਗੁਰੂ ਹੈ, ਪਰ ਇਸ ਪਦ ਦੀ ਗੁਰੂ ਨਾਨਕ ਸਾਹਿਬ ਵਿਚ ਰੂਢੀ ਸਕਤਿ (ਵੱਡੀ ਸ਼ਕਤੀ) ਹੈ, ਜੋ ਕਰਤਾਰ ਵੱਲੋਂ ਸੰਸਾਰ ਮਾਤਰ ਦੇ ਉਧਾਰ ਵਾਸਤੇ ਜਗਤ ਗੁਰੂ ਥਾਪੇ ਗਏ ਹਨ।''**

"ਅਕਾਲ ਪੁਰਖ ਸਿਰਜਣਹਾਰ, ਪਾਲਣਹਾਰ ਤੇ ਸਭ ਤੋਂ ਪਹਿਲਾਂ ਸਿਖਿਆਦਾਤਾ ਤੇ

ਗਿਆਨਦਾਤਾ ਹੈ, ਸਭ ਤਰ੍ਹਾਂ ਦੇ ਗਿਆਨ ਦਾ ਸੋਮਾ ਹੈ, ਇਸ ਲਈ ਗੁਰਬਾਣੀ ਵਿਚ ਅਕਾਲ ਪੁਰਖ ਨੂੰ ਗੁਰੂ ਕਿਹਾ ਗਿਆ ਹੈ। ਯਥਾ:-

ਸਤਿਗੁਰੂ ਮੇਰਾ ਸਦਾ ਸਦਾ, ਨ ਆਵੈ ਨ ਜਾਇ॥
ਓਹੁ ਅਬਿਨਾਸੀ ਪੁਰਖੁ ਹੈ, ਸਭ ਮਹਿ ਰਹਿਆ ਸਮਾਇ॥ (ਪੰਨਾ-759)

ਭਾਵ ਅਰਥ:- ਮੇਰਾ ਅਕਾਲਪੁਰਖ ਗੁਰੂ ਸਦਾ ਥਿਰ ਰਹਿਣ ਵਾਲਾ ਹੈ, ਉਸਦਾ ਜਨਮ-ਮਰਨ ਨਹੀਂ ਹੁੰਦਾ, ਉਹ ਨਾਸ਼ ਰਹਿਤ ਹੈ ਤੇ ਇਕ ਰਸ ਵਿਆਪਕ ਹੈ।

ਪ੍ਰਭੂ ਨੇ ਆਪਣੇ ਗਿਆਨ ਦੇ ਪ੍ਰਕਾਸ਼ ਨਾਲ ਗੁਰੂ ਨਾਨਕ ਸਾਹਿਬ ਨੂੰ ਜਗਤ ਕਲਿਆਣ ਲਈ ਭੇਜਿਆ, ਗੁਰੂ ਨਾਨਕ ਸਾਹਿਬ ਗੁਰੂ ਦੇ ਸੰਕਲਪ ਦੇ ਸਿਖਰ ਹਨ ਤੇ ਬਾਕੀ ਨੌਂ ਪਾਤਸ਼ਾਹੀਆਂ ਵੀ ਇੰਨ-ਬਿੰਨ ਉਨ੍ਹਾਂ ਦੀ ਮੂਰਤ ਹਨ। ਸੋ ਗੁਰੂ ਪਦ ਵਿਸ਼ੇਸ਼ ਤੌਰ ਤੇ ਗੁਰੂ ਨਾਨਕ ਸਾਹਿਬ ਤੇ ਉਨ੍ਹਾਂ ਦੇ ਉਤਰਾਧਿਕਾਰੀਆਂ ਲਈ ਰਾਖਵਾਂ ਹੋ ਗਿਆ, ਜਿਨ੍ਹਾਂ ਨੇ ਅਕਾਲ ਪੁਰਖ ਵੱਲੋਂ ਬਖਸ਼ੇ ਗਿਆਨ, ਉੱਚੇ ਆਦਰਸ਼ ਤੇ ਪਵਿੱਤਰ ਜੀਵਨ ਦੁਆਰਾ ਮਨੁੱਖ ਜਾਤੀ ਦਾ ਉਧਾਰ ਕੀਤਾ ਤੇ ਸਿੱਖ ਧਰਮ ਦੀ ਨੀਂਹ ਰੱਖੀ, ਇਸ ਲਈ ਗੁਰੂ ਨਾਨਕ ਸਾਹਿਬ ਤੇ ਉਨ੍ਹਾਂ ਦੇ ਹੋਰ ਨੌਂ ਸਰੂਪਾਂ ਨੂੰ ਗੁਰੂ ਜਾਂ ਸਤਿਗੁਰੂ ਪਦਵੀ ਨਾਲ ਯਾਦ ਕੀਤਾ ਜਾਂਦਾ ਹੈ।

ਗੁਰੂ ਦੀਆਂ ਵਡਿਆਈਆਂ ਬੇਅੰਤ ਹਨ, ਜੋ ਆਮ ਮਨੁੱਖ ਨਹੀਂ ਜਾਣਦਾ, ਇਸ ਲਈ ਗੁਰੂ ਸਾਹਿਬ ਨੇ ਇਹ ਵਡਿਆਈਆਂ ਤੇ ਗੁਰੂ ਮੱਤ ਦੇ ਸਿਧਾਂਤ ਆਮ ਮਨੁੱਖ ਦੀ ਸਮਝ ਗੋਚਰੇ ਕਰਨ ਲਈ ਗੁਰਬਾਣੀ ਵਿਚ ਅੰਕਿਤ ਕੀਤੇ ਹਨ, ਗੁਰਬਾਣੀ ਵਿਚ ਗੁਰੂ ਬਾਰੇ ਸਰਲ ਤੇ ਸਪੱਸ਼ਟ ਸੇਧ ਇੰਜ ਦਿੱਤੀ ਹੈ-

ਸਤਿ ਪੁਰਖ ਜਿਨਿ ਜਾਨਿਆ, ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ, ਸਿਖੁ ਉਧਰੈ, ਨਾਨਕ, ਹਰਿ ਗੁਨ ਗਾਉ॥ (ਪੰਨਾ 286)

ਭਾਵ ਅਰਥ: ਗੁਰੂ ਹੀ ਅਕਾਲ ਪਰਖ ਬਾਰੇ ਸਾਰੀ ਸੋਝੀ ਰੱਖਦਾ ਹੈ, ਉਸਦੀ ਸੰਗਤ ਕਰਕੇ ਹੀ ਮਨੁੱਖ ਆਪਣਾ ਜੀਵਨ ਸਫਲਾ ਕਰ ਸਕਦਾ ਹੈ।

ਗੁਰੂ ਦੀ ਸੰਗਤ ਕਰਨ ਨਾਲ ਆਤਮਿਕ ਅਨੰਦ ਦੀ ਪ੍ਰਾਪਤੀ ਤੇ ਦੁਬਿਧਾ ਦੀ ਸਮਾਪਤੀ ਵੀ ਗੁਰੂ ਦਾ ਇਕ ਵਿਸ਼ੇਸ਼ ਲਛਣ ਹੈ:

"ਜਿਸੁ ਮਿਲਿਐ, ਮਨਿ ਹੋਇ ਅਨੰਦੁ, ਸੋ. ਸਤਿਗੁਰੁ ਕਹੀਐ॥
ਮਨ ਕੀ ਦੁਬਿਧਾ ਬਿਨਸਿ ਜਾਇ, ਹਰਿ ਪਰਮ ਪਦੁ ਲਹੀਐ॥ (ਪੰਨਾ-168)

ਭਾਵ ਅਰਥ: ਜਿਸ ਗੁਰੂ ਨੂੰ ਮਿਲਣ ਨਾਲ ਆਤਮਿਕ ਖੇੜਾ ਮਿਲੇ, ਦੁਬਿਧਾ ਦਾ ਖ਼ਾਤਮਾ ਹੋ ਕੇ ਉੱਚੀ ਆਤਮਿਕ ਅਵਸਥਾ ਹੋਵੇ, ਉਹੀ ਸੱਚਾ ਸਤਿਗੁਰੂ ਹੈ।

ਗੁਰੂ ਸਾਰੇ ਸੰਸਾਰ ਨੂੰ ਗਿਆਨ ਦਾ ਚਾਨਣ ਦੇਣ ਵਾਲਾ ਤੇ ਆਤਮਿਕ ਸ਼ਾਂਤੀ ਦਾ ਸੋਮਾ ਹੈ-

"ਗੁਰੁ ਦਾਤਾ, ਗੁਰੁ ਹਿਵੈ ਘਰੁ, ਗੁਰੁ ਦੀਪਕੁ ਤਿਹ ਲੋਇ॥
ਅਮਰ ਪਦਾਰਥੁ ਨਾਨਕਾ, ਮਨਿ ਮਾਨਿਐ, ਸੁਖੁ ਹੋਇ॥ (ਪੰਨਾ-137)

ਭਾਵ ਅਰਥ: ਗੁਰੂ ਨਾਮ ਦਾਤ ਦੇਣ ਵਾਲਾ, ਠੰਡਕ ਦਾ ਸੋਮਾ; ਤੇ ਪ੍ਰਕਾਸ਼ ਸਰੂਪ ਹੈ। ਨਾਮ ਰੂਪ ਪਦਾਰਥ ਦੇ ਕੇ ਸੁੱਖ ਦੇਣ ਵਾਲਾ ਹੈ।

ਗੁਰੂ ਦੇ ਮਿਲਾਪ ਨਾਲ ਅਸਾਧ ਮਾਨਸਿਕ ਰੋਗ ਮੁੱਕ ਜਾਂਦੇ ਹਨ:-

ਕਬੀਰ ਗੁਰੁ ਲਾਗਾ ਤਬ ਜਾਨੀਐ, ਮਿਟੈ ਮੋਹੁ ਤਨ ਤਾਪ॥ (ਪੰਨਾ-1374)

ਭਾਵ ਅਰਥ: ਹੇ ਕਬੀਰ, ਗੁਰੂ ਨੂੰ ਤਦ ਮਿਲਿਆ ਸਮਝ, ਜਦੋਂ ਮੋਹ ਰੂਪ ਤਾਪ ਜੀਵਨ ਵਿਚੋਂ ਦੂਰ ਹੋ ਜਾਏ।

ਭਾਈ ਗੁਰਦਾਸ ਜੀ ਵੀ ਆਪਣੀ ਰਚਨਾ ਵਿਚ ਗੁਰੂ ਬਾਰੇ ਦਸਦੇ ਹਨ ਕਿ ਗੁਰੂ ਬੇਅੰਤ ਗੁਣਾਂ ਦਾ ਖਜ਼ਾਨਾ ਹੈ, ਵਿਸ਼ੇ-ਵਿਕਾਰਾਂ ਵਿਚ ਗਲਤਾਨ ਹੋ ਕੇ ਆਤਮਿਕ ਜੀਵਨ ਬਰਬਾਦ ਕਰ ਚੁੱਕੇ ਮਨੁੱਖਾਂ ਨੂੰ ਵੀ ਗੁਰੂ ਬਖਸ਼ਿਸ਼ ਕਰਕੇ ਨਵਾਂ ਜੀਵਨ ਬਖਸ਼ਦਾ ਹੈ। ਉਹ ਸਦੀਵੀ ਸੁੱਖ ਦੇਣ ਵਾਲਾ ਦੁੱਖ ਦੂਰ ਕਰਨ ਵਾਲਾ ਹੈ, ਨਿਰਵੈਰ ਹੋਣ ਕਰਕੇ ਉਹ ਦੋਖੀਆਂ ਤੇ ਨਿੰਦਕਾਂ ਨੂੰ ਵੀ ਤਾਰ ਦੇਂਦਾ ਹੈ-

ਸਤਿਗੁਰ ਗੁਣੀ ਨਿਧਾਨੁ ਹੈ ਗੁਣ ਕਰਿ ਬਖਸ਼ੇ ਅਵਗੁਣਿਆਰੇ॥
ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ॥
ਸੁਖ ਸਾਗਰੁ ਗੁਰੁਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ॥
ਗੁਰ ਪੂਰਾ ਨਿਰਵੈਰੁ ਹੈ, ਨਿੰਦਕੁ ਦੋਖੀ ਬੇਮੁਖ ਤਾਰੇ॥

(ਵਾਰ 26, ਪਉੜੀ 19)

ਭਾਵ ਅਰਥ: ਗੁਰੂ ਗੁਣਾਂ ਦਾ ਖ਼ਜ਼ਾਨਾ, ਅਵਗੁਣਾਂ ਦਾ ਨਾਸ਼ਕ ਹੈ। ਪੰਜ ਵਿਕਾਰਾਂ ਨੂੰ ਦੂਰ ਕਰਨ ਵਾਲਾ ਸੁਜਾਣ ਵੈਦ ਹੈ। ਸੁਖ ਦਾ ਦਾਤਾ, ਨਿਰਵੈਰ ਤੇ ਪਤਿਤਾਂ-ਬੁਰਿਆਂ ਦਾ ਉਧਾਰ ਕਰਨ ਵਾਲਾ ਹੈ।

ਗੁਰੂ ਕੌਣ ਹੈ? ਜਾਣਨ ਤੋਂ ਬਾਅਦ ਵਿਚਾਰਨਯੋਗ ਨੁਕਤਾ ਹੈ ਕਿ ਐਸੇ ਗੁਰੂ ਦੀ ਸਾਨੂੰ ਲੋੜ ਕਿਉਂ ਹੈ?

ਗੁਰੂ ਦੀ ਲੋੜ

ਮਨੁੱਖ ਦਾ ਜੀਵਨ ਮਨੋਰਥ ਪ੍ਰਭੂ ਨਾਲ ਇਕਮਿਕ ਹੋਣਾ ਹੈ। ਇਹ ਅਵਸਥਾ ਆਤਮਿਕ ਉੱਨਤੀ ਦੁਆਰਾ ਪ੍ਰਾਪਤ ਹੋਣੀ ਹੈ, ਜਿਸ ਲਈ ਮਨੁੱਖ ਨੂੰ ਇਕ ਰਿਹਬਰ ਦੀ, ਗੁਰੂ ਦੀ ਅਤਿਅੰਤ ਲੋੜ ਹੈ, ਗੁਰੂ ਦੇ ਦੱਸੇ ਰਾਹ ਤੇ ਚੱਲ ਕੇ ਮਨੁੱਖ ਇਸ ਨਿਸ਼ਾਨੇ ਤੇ ਪਹੁੰਚ ਸਕਦਾ ਹੈ।

ਪਰ ਆਮ ਮਨੁੱਖ ਆਪਣੀਆਂ ਇੱਛਾਵਾਂ ਤੇ ਜਜ਼ਬਿਆਂ ਅਨੁਸਾਰ ਬਹੁਤਾ ਚੱਲਦਾ ਹੈ, ਇਹ ਇਛਾਵਾਂ ਤੇ ਜਜ਼ਬੇ ਮਨ ਨਾਲ ਸੰਬੰਧਤ ਹਨ। ਮਨੁੱਖੀ ਮਨ ਇਨ੍ਹਾਂ ਜਜ਼ਬਿਆਂ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਪ੍ਰਭਾਵ ਕਾਰਨ ਮਾੜੇ ਪਾਸੇ ਤੁਰਦਾ ਹੈ ਤੇ ਕਾਬੂ ਵਿਚ ਨਹੀਂ ਆਉਂਦਾ। ਮਨੁੱਖ ਇੱਛਾਵਾਂ ਤੇ ਤ੍ਰਿਸ਼ਨਾਵਾਂ ਦੇ ਮਨੋਵੇਗਾਂ ਕਰਕੇ ਹਰ ਸਮੇਂ ਭਟਕਦਾ ਰਹਿੰਦਾ ਹੈ। ਇਸੇ ਕਰਕੇ ਗੁਰਬਾਣੀ ਅੰਦਰ ਮਨੁੱਖ ਦੇ ਮਨ ਦੀ ਸਥਿਤੀ ਬਿਆਨ ਕਰਦਿਆਂ ਇਸ ਨੂੰ ਮੂਰਖ, ਅੰਨ੍ਹਾ, ਅਗਿਆਨੀ ਕਰਕੇ ਦੱਸਿਆ ਹੈ, ਜੋ ਆਪਣੇ ਤੌਰ ਤੇ

ਆਤਮ ਮਾਰਗ ਤੇ ਨਹੀਂ ਚੱਲ ਸਦਕਾ। ਇਸ ਨੂੰ ਐਸੇ ਰਾਹਬਰ ਦੀ ਲੋੜ ਹੈ, ਜੋ ਇਸ ਨੂੰ ਇਸ ਸਥਿਤੀ ਵਿਚੋਂ ਕੱਢ ਕੇ ਪ੍ਰਭੂ ਮਿਲਾਪ ਦੇ ਰਾਹ ਤੇ ਤੋਰ ਸਕੇ, ਇਸੇ ਲਈ ਗੁਰ ਬਾਣੀ ਵਿਚ ਗੁਰੂ ਦੀ ਅਤਿਅੰਤ ਲੋੜ ਅਨੇਕਾਂ ਢੰਗਾਂ ਨਾਲ ਦਰਸਾਈ ਗਈ ਹੈ:-

ਮਤ ਕੋ ਭਰਮਿ ਭੁਲੈ ਸੰਸਾਰਿ, ਗੁਰ ਬਿਨੁ, ਕੋਇ ਨ ਉਤਰਸਿ ਪਾਰਿ॥

(ਪੰਨਾ-864)

ਭਾਵ ਅਰਥ: ਮਤਾਂ ਕੋਈ ਭਰਮ ਵਿਚ ਭੁੱਲ ਜਾਏ, ਗੁਰੂ ਤੋਂ ਬਗੈਰ ਸੰਸਾਰ ਸਾਗਰ ਪਾਰ ਨਹੀਂ ਹੋ ਸਕਦਾ।

ਗੁਰੂ ਦੇ ਗਿਆਨ ਦੁਆਰਾ ਇਹ ਚੰਚਲ ਮਨ ਟਿਕਾਉ 'ਚ ਆ ਸਕਦਾ ਹੈ :-

ਕੁੰਭੇ ਬਧਾ ਜਲੁ ਰਹੈ, ਜਲ ਬਿਨੁ ਕੁੰਭੁ ਨ ਹੋਇ॥

ਗਿਆਨ ਕਾ ਬਧਾ ਮਨੁ ਰਹੈ, ਗੁਰ ਬਿਨੁ ਗਿਆਨੁ ਨ ਹੋਇ॥ (ਪੰਨਾ-469)

ਭਾਵ ਅਰਥ: ਗੁਰੂ ਮਨ ਨੂੰ ਗਿਆਨ ਨਾਲ ਬੰਨ੍ਹਦਾ ਹੈ। ਜਿਵੇਂ ਘੜਾ ਪਾਣੀ ਨੂੰ ਬੰਨ੍ਹ ਕੇ ਰੱਖਦਾ ਹੈ, ਪਰ ਜਿਵੇਂ ਪਾਣੀ ਦੇ ਸੁਮੇਲ ਤੋਂ ਘੜਾ ਬਣਦਾ ਹੈ ਇਵੇਂ ਗਿਆਨ ਗੁਰੂ ਤੋਂ ਬਗੈਰ ਨਹੀਂ ਹੁੰਦਾ।

ਦੁਨਿਆਵੀ ਗਿਆਨ ਚਾਹੇ ਕਿੰਨਾ ਵੀ ਹੋਵੇ, ਗੁਰੂ ਦੇ ਗਿਆਨ ਤੋਂ ਬਿਨਾਂ ਮਨੁੱਖ ਘੁੱਪ ਹਨੇਰੇ ਵਿਚ ਹੀ ਹੈ:-

ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜ਼ਾਰ॥

ਏਤੇ ਚਾਨਣ ਹੋਦਿਆਂ, ਗੁਰ ਬਿਨੁ ਘੋਰ ਅੰਧਾਰ॥ (ਪੰਨਾ-463)

ਭਾਵ ਅਰਥ: ਜੇ ਸੈਂਕੜੇ ਚੰਦਰਮਾਂ, ਹਜ਼ਾਰਾਂ ਸੂਰਜ ਚੜ੍ਹਨ, ਤਾਂ ਵੀ ਅਗਿਆਨਤਾ ਦਾ ਹਨੇਰਾ ਗੁਰੂ ਤੋਂ ਬਗੈਰ ਦੂਰ ਨਹੀਂ ਹੁੰਦਾ।

ਗੁਰ ਬਿਨੁ ਘੋਰੁ ਅੰਧਾਰੁ, ਗੁਰੂ ਬਿਨੁ ਸਮਝ ਨ ਆਵੈ॥

ਗੁਰ ਬਿਨੁ ਸੁਰਤਿ ਨ ਸਿਧਿ, ਗੁਰੂ ਬਿਨੁ ਮੁਕਤਿ ਨ ਪਾਵੈ॥ (ਪੰਨਾ-1399)

ਭਾਵ ਅਰਥ: ਗੁਰੂ ਤੋਂ ਬਗੈਰ ਅਗਿਆਨਤਾ ਦਾ ਘੋਰ ਹਨੇਰਾ ਹੈ। ਰੱਬੀ ਮਾਰਗ ਦੀ ਸੂਝ ਨਹੀਂ ਆਉਂਦੀ, ਸੁਰਤੀ ਸਫਲ ਨਹੀਂ ਹੁੰਦੀ ਤੇ ਜੀਵਨ ਮੁਕਤੀ ਨਹੀਂ ਮਿਲਦੀ।

ਮਨੁੱਖੀ ਮਨ ਅੱਥਰੇ ਘੋੜੇ ਦੀ ਤਰ੍ਹਾਂ ਹੈ, ਜੋ ਲਗਾਮ ਨਾਲ ਕਾਬੂ ਆਉਂਦਾ ਹੈ, ਇਹ ਮਨ ਅਵੈੜ ਤੇ ਬਲਸ਼ਾਲੀ ਹਾਥੀ ਦੀ ਨਿਆਈਂ ਹੈ ਇਸ ਨੂੰ ਕਾਬੂ ਕਰਕੇ ਚੰਗੇ ਪਾਸੇ ਲਾਉਣ ਲਈ ਗੁਰੂ ਮਹਾਵਤ ਦੇ ਗਿਆਨ ਦੇ ਕੁੰਡੇ ਦੀ ਲੋੜ ਹੈ:

ਮਨੁ ਕੁੰਚਰੁ, ਪੀਲਕੁ ਗੁਰੂ, ਗਿਆਨੁ ਕੁੰਡਾ, ਜਹ ਖਿੰਚੇ, ਤਹ ਜਾਇ॥

ਨਾਨਕ, ਹਸਤੀ ਕੁੰਡੇ ਬਾਹਰਾ, ਫਿਰਿ ਫਿਰਿ ਉਝੜਿ ਪਾਇ॥ (ਪੰਨਾ-516)

ਭਾਵ ਅਰਥ: ਮਨ ਹਾਥੀ ਵਾਂਗ ਹੰਕਾਰੀ ਹੈ। ਗੁਰੂ ਮਾਨੋ ਮਹਾਵਤ ਹੈ, ਜੋ ਗਿਆਨ ਦੇ ਅੰਕਸ (ਕੁੰਡੇ) ਨਾਲ ਮਨ ਨੂੰ ਸਿੱਧੇ ਰਸਤੇ ਚਲਾਉਂਦਾ ਹੈ। ਗੁਰੂ ਤੋਂ ਬਗੈਰ ਮਨ ਰੂਪ ਹੰਕਾਰੀ ਹਾਥੀ ਭਟਕਦਾ ਰਹਿੰਦਾ ਹੈ।

ਗੁਰੂ ਪੂਰੇ ਵੈਦ ਦੀ ਤਰ੍ਹਾਂ ਹੈ, ਜੋ ਨਾਮ ਦੀ ਦਵਾਈ ਦੇ ਕੇ ਵਿਸ਼ੇ ਵਿਕਾਰਾਂ ਦੇ ਅਸਾਧ ਰੋਗ ਦੂਰ ਕਰਦਾ ਹੈ ਤੇ ਜਨਮ ਮਰਨ ਦਾ ਗੇੜ ਮੁਕਾ ਦਿੰਦਾ ਹੈ:

ਮੇਰਾ ਬੈਦੁ ਗੁਰੂ ਗੋਬਿੰਦਾ॥

ਹਰਿ ਹਰਿ ਨਾਮੁ ਅਉਖਧੁ,ਮੁਖਿ ਦੇਵੈ,ਕਾਟੈ ਜਮ ਕੀ ਫੰਧਾ॥ (ਪੰਨਾ-618)

ਸੰਸਾਰ ਰੂਪੀ ਅਸਗਾਹ ਸਮੁੰਦਰ ਤੋਂ ਪਾਰ ਪਾਉਣ ਲਈ ਗੁਰੂ ਰੂਪੀ ਜਹਾਜ਼ ਤੇ ਮਲਾਹ ਦੀ ਲੋੜ ਹੈ:

ਭਾਵ ਅਰਥ: ਗੁਰੂ ਮਾਨਸਿਕ ਰੋਗਾਂ ਦਾ ਇਲਾਜ਼ ਕਰਨ ਵਾਲਾ ਵੈਦ ਹੈ, ਜੋ ਨਾਮ ਰੂਪ ਦਵਾਈ ਨਾਲ ਵਿਕਾਰਾਂ ਦਾ ਘਾਣ ਕਰਦਾ ਹੈ।

ਗੁਰੁ ਜਹਾਜੁ, ਖੇਵਟੁ ਗੁਰੂ, ਗੁਰ ਬਿਨੁ, ਤਰਿਆ ਨ ਕੋਇ॥

ਗੁਰ ਪ੍ਰਸਾਦਿ ਪ੍ਰਭ ਪਾਈਐ, ਗੁਰ ਬਿਨੁ ਮੁਕਤਿ ਨ ਹੋਇ॥ (ਪੰਨਾ-1401)

ਭਾਵ ਅਰਥ: ਗੁਰੂ ਜਹਾਜ਼ ਵੀ ਆਪ ਹੈ ਤੇ ਮਲਾਹ ਵੀ ਆਪ ਗੁਰੂ ਤੋਂ ਬਗੈਰ ਸੰਸਾਰ ਸਾਗਰ ਤਰਿਆ ਨਹੀਂ ਜਾ ਸਕਦਾ। ਗੁਰੂ ਦੀ ਕ੍ਰਿਪਾ ਨਾਲ ਪ੍ਰਭੂ ਮਿਲਦਾ ਹੈ ਤੇ ਗੁਰੂ ਤੋਂ ਬਗੈਰ ਜੀਵਨ ਮੁਕਤੀ ਨਹੀਂ।

ਸੋ ਗੁਰੂ ਅਨੁਸਾਰੀ ਚਲ ਕੇ ਹੀ ਮਨੁੱਖ ਪ੍ਰਭੂ ਭਗਤੀ ਵਿਚ ਲਗਦਾ ਹੈ, ਸਿਮਰਨ ਤੇ ਸੇਵਾ ਨਾਲ ਆਤਮਿਕ ਉੱਨਤੀ ਕਰਕੇ ਪ੍ਰਭੂ ਨਾਲ ਮੇਲ ਪ੍ਰਾਪਤ ਕਰਦਾ ਹੈ।

ਸ਼ਬਦ ਗੁਰੂ:

ਗੁਰੂ ਤੇ ਗੁਣਾਂ ਤੇ ਕਰਤਵਾਂ ਬਾਰੇ ਵਿਚਾਰ ਕਰੀਏ, ਤਾਂ ਇਹ ਸਚਾਈ ਸਾਹਮਣੇ ਆਵੇਗੀ ਕਿ ਗੁਰੂ ਤਾਂ ਅਸਲ ਵਿਚ ਅਕਾਲ ਪੁਰਖ ਦਾ ਗਿਆਨ ਹੀ ਹੈ ਜੋ ਗੁਰਬਾਣੀ ਦੇ ਰੂਪ ਵਿਚ ਗੁਰੂ ਸਾਹਿਬਾਂ ਨੇ ਸਦਾ ਲਈ ਸੰਸਾਰ ਵਿਚ ਸਥਾਪਤ ਕਰ ਦਿੱਤਾ ਹੈ। ਇਹ ਸਿਧਾਂਤ ਗੁਰੂ ਨਾਨਕ ਸਾਹਿਬ ਜੀ ਨੇ ਹੀ ਦ੍ਰਿੜ੍ਹ ਕਰਵਾਇਆ ਹੈ, ਭਾਵੇਂ ਉਹ ਆਪ ਦੇਹ ਵਿਚ ਸਨ, ਸਿੱਧਾਂ ਦੇ ਗੁਰੂ ਬਾਰੇ ਪੁੱਛਣ ਤੇ ਗੁਰੂ ਸਾਹਿਬ ਦਾ ਉੱਤਰ ਸੀ:

ਸਬਦੁ ਗੁਰੂ, ਸੁਰਤਿ ਧੁਨਿ ਚੇਲਾ॥ (ਪੰਨਾ-943)

ਭਾਵ ਅਰਥ: ਗੁਰੂ ਸ਼ਬਦ ਹੈ ਤੇ ਸੁਰਤੀ ਸਿੱਖ ਹੈ।

ਗੁਰੂ ਭਾਵੇਂ ਦੇਹ ਵਿਚ ਵੀ ਹੋਵੇ, ਪਰ ਦੇਹੀ ਨਾਸ਼ਵਾਨ ਹੈ, ਉਸ ਅੰਦਰ ਜਿਹੜਾ ਬ੍ਰਹਮ ਦਾ ਗਿਆਨ ਹੈ, ਉਹੀ ਅਸਲ ਗੁਰੂ ਹੈ। ਯਥਾ:

ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ॥

ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ॥ (ਪੰਨਾ-982)

ਭਾਵ ਅਰਥ: ਗੁਰੂ ਦਾ ਸ਼ਬਦ ਹੀ ਗੁਰੂ ਹੈ ਤੇ ਗੁਰੂ ਹੀ ਬਾਣੀ ਹੈ। ਇਸ ਬਾਣੀ ਵਿਚ ਅੰਮ੍ਰਿਤ ਤੱਤ ਹੈ। ਜੋ ਗੁਰੂ ਆਖਦਾ ਹੈ ਸੇਵਕ ਮੰਨ ਲਵੇ ਇਹ ਪਰਤੱਖ ਗੁਰੂ ਮੰਨਣ ਦੀਆਂ ਨਿਸ਼ਾਨੀਆਂ ਹਨ।

ਸਤਿਗੁਰ ਬਚਨ, ਬਚਨ ਹੈ ਸਤਿਗੁਰ, ਪਾਧਰੁ ਮੁਕਤਿ ਜਨਾਵੈਗੋ॥ (ਪੰਨਾ-

1309)

'ਭਾਵ' ਸਤਿਗੁਰ ਬਚਨ ਗੁਰੂ ਹਨ, ਜੋ ਮੁਕਤੀ ਰਸਤਾ ਦੱਸਦੇ ਹਨ।

ਸਬਦੁ ਗੁਰ ਪੀਰਾ, ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ॥ (ਪੰਨਾ-635)

'ਭਾਵ' ਸ਼ਬਦ, ਗੁਰੂ ਪੀਰ ਹੈ, ਡੂੰਘਾਈ ਨਾਲ ਭਰਿਆ ਵਿਸ਼ਾਲ ਭਾਵਨਾਵਾਂ ਵਾਲਾ ਹੈ, ਇਸ ਤੋਂ ਬਗੈਰ ਸੰਸਾਰ ਝੱਲਾ ਹੈ।

ਜਿਵੇਂ ਪਿਆਸ ਬੁਝਾਉਣ ਲਈ ਪਾਣੀ ਦੀ ਲੋੜ ਹੈ, ਪਾਣੀ ਭਾਵੇਂ ਨਲਕੇ ਦੁਆਰਾ, ਟੂਟੀ ਦੁਆਰਾ, ਗਿਲਾਸ ਜਾਂ ਭਾਂਡੇ ਰਾਹੀਂ ਮਿਲੇ, ਪਾਣੀ ਹੀ ਅਸਲ ਵਸਤੂ ਹੈ, ਜਿਸ ਨਾਲ ਪਿਆਸ ਬੁਝਦੀ ਹੈ, ਇਵੇਂ ਗੁਰੂ ਦਾ ਗਿਆਨ, ਗੁਰੂ ਦਾ ਸ਼ਬਦ ਹੀ ਤੱਤ ਵਸਤੂ ਹੈ, ਜੋ ਮਨੁੱਖ ਨਾਲ ਸਦਾ ਕਾਇਮ ਰਹਿਣ ਵਾਲਾ ਗੁਰੂ ਹੈ। ਗੁਰੂ ਨਾਨਕ ਸਾਹਿਬ ਦੇ ਸਥਾਪਤ ਕੀਤੇ ਸ਼ਬਦ ਗੁਰੂ ਦੇ ਸਿਧਾਂਤ ਅਨੁਸਾਰ ਹੀ ਗੁਰੂ ਗ੍ਰੰਥ ਸਾਹਿਬ (ਗੁਰਬਾਣੀ) ਨੂੰ ਦਸਮ ਪਾਤਸ਼ਾਹ ਨੇ ਜ਼ਾਹਰਾ ਤੌਰ ਤੇ ਗੁਰਿਆਈ ਸੌਂਪੀ। ਸੋ ਗੁਰਬਾਣੀ ਹੀ ਅਸਲ ਗੁਰੂ ਹੈ, ਜਿਸ ਨੂੰ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਥਾਪਤ ਕਰਕੇ ਗੁਰੂ ਸਾਹਿਬ ਨੇ ਲੋਕਾਈ ਤੇ ਪਰਉਪਕਾਰ ਕੀਤਾ ਹੈ।

ਦੇਹਧਾਰੀ ਤੇ ਪਖੰਡੀ ਗੁਰੂ :

ਸੰਸਾਰ ਅੰਦਰ ਕੀਮਤੀ ਚੀਜ਼ਾਂ ਦੀ ਅਕਸਰ ਨਕਲ ਪੈਦਾ ਹੋ ਜਾਂਦੀ ਹੈ, ਪਾਖੰਡੀ ਤੇ ਠੱਗ ਲੋਕ ਅਸਲ ਦੇ ਭੁਲੇਖੇ ਨਕਲੀ ਚੀਜ਼ਾਂ ਅਣਜਾਣ ਵਿਅਕਤੀਆਂ ਨੂੰ ਮਹਿੰਗੇ ਭਾਅ ਵੇਚ ਦਿੰਦੇ ਹਨ। ਇਸੇ ਤਰ੍ਹਾਂ ਬਾਣੀ ਅੰਦਰ ਗੁਰੂ ਦੀ ਬੇਅੰਤ ਵਡਿਆਈ ਹੋਣ ਕਰਕੇ ਅਨੇਕਾਂ ਢੋਂਗੀ, ਪਾਖੰਡੀ ਤੇ ਵਡਿਆਈ ਦੇ ਭੁੱਖੇ ਵਿਅਕਤੀ ਅਣਜਾਣ ਤੇ ਅਗਿਆਨੀ ਵਿਅਕਤੀਆਂ ਨੂੰ ਟੱਪਲਾ ਲਾ ਕੇ ਆਪਣੀ ਪੂਜਾ ਮਾਨਤਾ ਕਰਵਾਈ ਜਾ ਰਹੇ ਹਨ, ਐਸੇ ਝੂਠੇ ਤੇ ਦੰਭੀ ਗੁਰੂਆਂ ਬਾਰੇ ਲੋਕਾਈ ਨੂੰ ਗੁਰਬਾਣੀ ਅੰਦਰ ਸੁਚੇਤ ਕੀਤਾ ਹੋਇਆ ਹੈ ਯਥਾ -

ਨਾਨਕ, ਅੰਧਾ ਹੋਇ ਕੈ, ਦਸੇ ਰਾਹੈ, ਸਭਸੁ ਮੁਹਾਏ ਸਾਥੈ॥ (ਪੰਨਾ-140)

'ਭਾਵ' ਹੇ ਨਾਨਕ ਅੰਧਾ ਮਨੁੱਖ ਰਾਹ ਦੱਸਣ ਲੱਗ ਪਵੇ, ਤਾਂ ਸਾਰੇ ਕੁਰਾਹੇ ਪੈ ਕੇ ਠੱਗੇ ਜਾਂਦੇ ਹਨ।

ਕਾਚੇ ਗੁਰ ਤੇ, ਮੁਕਤਿ ਨ ਹੂਆ॥ (ਪੰਨਾ-932)

ਗੁਰੂ ਜਿਨਾ ਕਾ ਅੰਧੁਲਾ, ਸਿਖ ਭੀ ਅੰਧੇ ਕਰਮ ਕਰੇਨਿ॥ (ਪੰਨਾ-951)

'ਭਾਵ' ਜਿੰਨ੍ਹਾਂ ਦੇ ਗੁਰੂ ਅਗਿਆਨੀ ਹਨ, ਉਨ੍ਹਾਂ ਦੇ ਸੇਵਕ ਵੀ ਮੱਤਹੀਣ ਹੀ ਹੋਣਗੇ।

ਕਬੀਰ, ਮਾਇ ਮੂੰਡਉ ਤਿਹ ਗੁਰੂ ਕੀ, ਜਾ ਤੇ ਭਰਮੁ ਨ ਜਾਇ॥
ਆਪ ਡੂਬੇ ਚਹੁ ਬੇਦ ਮਹਿ, ਚੇਲੇ ਦੀਏ ਬਹਾਇ॥ (ਪੰਨਾ-1369)

'ਭਾਵ' ਹੇ ਕਬੀਰ ਉਸ ਗੁਰੂ ਦੀ ਮੱਤ ਤੋਂ ਮੈਂ ਵਿਰਵਾ ਹੀ ਚੰਗਾ ਹਾਂ ਜਿਸ ਤੋਂ ਭਰਮ ਦੂਰ ਨਾ ਹੋਵੇ, ਜੋ ਆਪ ਭਰਮ ਵਿਚ ਪਿਆ ਹੋਰਨਾਂ ਨੂੰ ਵੀ ਭਰਮੀਂ ਬਣਾਉਂਦਾ ਹੈ।

ਓਇ ਹਰਿ ਕੇ ਸੰਤ ਨ ਆਖੀਅਹਿ, ਬਾਨਾਰਸਿ ਕੇ ਠਗ॥ (ਪੰਨਾ- 476)

'ਭਾਵ' ਰੱਬ ਨਾਲੋਂ ਟੁੱਟੇ ਕੇਵਲ ਭੇਖੀ ਤੇ ਬਨਾਰਸ ਦੇ ਠੱਗ ਹੋ ਸਕਦੇ ਹਨ, ਰੱਬੀ ਪਿਆਰੇ ਨਹੀਂ।

ਗੁਰੂ ਸਦਾਏ ਅਗਿਆਨੀ ਅੰਧਾ, ਕਿਸੁ ਓਹੁ ਮਾਰਗਿ ਪਾਏ॥ (ਪੰਨਾ-491)

ਭਾਈ ਗੁਰਦਾਸ ਜੀ ਉਦਾਹਰਣਾਂ ਦੇ ਕੇ ਸਮਝਾਉਂਦੇ ਹਨ ਕਿ ਨਕਲ, ਅਸਲ ਨੂੰ ਨਹੀਂ ਪਹੁੰਚ ਸਕਦੀ, ਪਰ ਸਿਆਣੇ ਵਿਅਕਤੀ ਹੀ ਕੁਝ ਲੱਛਣਾਂ ਦੁਆਰਾ ਅਸਲ ਨਕਲ ਨੂੰ ਪਰਖ ਸਕਦੇ ਹਨ-

ਗੁਛਾ ਹੋਇ ਧ੍ਰਿਕਾਨੂਆ ਕਿਉ ਵੜੀਐ ਦਾਖੈ॥
ਅਕੈ ਕੇਰੀ ਖਖੜੀ ਕੋਈ ਅੰਬੁ ਨ ਆਖੈ॥
ਗਹਣੇ ਜਿਉ ਜਰਪੋਸ ਦੇ ਨਹੀ ਸੋਇਨਾ ਸਾਖੈ॥
ਫਟਕ ਨ ਪੁਜਨਿ ਹੀਰਿਆ ਓਇ ਭਰੇ ਬਿਆਖੈ॥
ਧਉਲੇ ਦਿਸਨਿ ਛਾਹਿ ਦੁਧੁ ਸਾਦਹੁ ਗੁਣ ਗਾਖੈ॥
ਤਿਉ ਸਾਧ ਅਸਾਧ ਪਰਖੀਅਨਿ ਕਰਤੂਤਿ ਸੁ ਭਾਖੈ॥

ਭਾਵ: ਧ੍ਰਿਕੋਨਿਆਂ ਦੇ ਗੁੱਛੇ ਨੂੰ ਦਾਖਾਂ ਦਾ ਗੁੱਛਾ ਕਿਸ ਤਰ੍ਹਾਂ ਕਿਹਾ ਜਾਵੇ? ਅੱਕ ਦੀ ਖਖੜੀ ਨੂੰ ਕੋਈ ਵੀ ਅੰਬ ਨਹੀਂ ਆਖਦਾ। ਜਿਸ ਤਰ੍ਹਾਂ ਮੁਲੰਮੇ ਦੇ ਗਹਿਣਿਆਂ ਦੀ ਕੋਈ ਸਾਖ ਨਹੀਂ ਭਰਦਾ, ਕਿ ਇਹ ਸੋਨੇ ਦੇ ਗਹਿਣੇ ਹਨ, ਬਿਲੌਰ ਹੀਰਿਆਂ ਦੇ ਤੁੱਲ ਨਹੀਂ ਪੁੱਜਦਾ, ਕਿਉਂਕਿ ਹੀਰੇ ਬੜੇ ਕੀਮਤੀ ਹਨ। ਲੱਸੀ ਤੇ ਦੁੱਧ ਦੋਵੇਂ ਚਿੱਟੇ ਰੰਗ ਦੇ ਹਨ, ਪਰ ਗੁਣ ਅਤੇ ਸੁਆਦ ਤੋਂ ਉਨ੍ਹਾਂ ਦਾ ਨਿਰਣਾ ਹੋ ਜਾਂਦਾ ਹੈ। ਇਸੇ ਤਰ੍ਹਾਂ ਸਾਧ ਅਤੇ ਅਸਾਧ ਕਰਮਾਂ ਅਤੇ ਬੋਲੀ ਤੋਂ ਪਰਖੇ ਜਾਂਦੇ ਹਨ। ਭਾਵ, ਸ਼ੁਭ ਕਰਮਾਂ ਤੇ ਮਿੱਠੇ ਬਚਨਾਂ ਵਾਲੇ ਮਨੁੱਖ ਨੂੰ ਸਾਧੂ ਕਿਹਾ ਜਾਂਦਾ ਹੈ। ਕੁਕਰਮੀ ਤੇ ਫਿੱਕਾ ਬੋਲਣ ਵਾਲੇ ਪੁਰਸ਼ ਨੂੰ ਅਸਾਧ ਆਖਿਆ ਜਾਂਦਾ ਹੈ।

ਨੋਟ: ਸੋ ਗੁਰੂ ਬਾਰੇ ਅਸਲੀਅਤ ਸਮਝ ਕੇ ਸਾਨੂੰ ਨਕਲੀ ਤੇ ਪਾਖੰਡੀ ਦੇਹਧਾਰੀ ਗੁਰੂਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ।

10. ਗੁਰਦੁਆਰਾ

ਸਿੱਖ ਧਰਮ ਵਿਚ ਗੁਰਦੁਆਰੇ ਬੜੀ ਮਹਾਨਤਾ ਰੱਖਦੇ ਹਨ। ਇਹ ਗੁਰਉਪਦੇਸ਼ ਦੇ ਸੋਮੇ, ਧਾਰਮਿਕ ਸਿੱਖਿਆ, ਧਾਰਮਿਕ ਜੀਵਨ ਦੇ ਕੇਂਦਰ, ਸਮਾਜ ਸੇਵਾ, ਸਾਂਝੀਆਂ ਪੰਥਕ ਵਿਚਾਰਾਂ ਅਤੇ ਸਮਾਜਿਕ ਜੀਵਨ ਦੇ ਸਿਖਲਾਈ ਕੇਂਦਰ ਹਨ। ਗੁਰਦੁਆਰਿਆਂ ਵਿਚ ਹਰ ਸ਼੍ਰੇਣੀ ਤੇ ਹਰ ਜਾਤ ਦੇ ਮਨੁੱਖ ਇਕੱਠੇ ਹੋ ਕੇ ਸੰਗਤ ਦੇ ਰੂਪ ਵਿਚ ਬੈਠਦੇ ਅਤੇ ਗੁਰਸਿੱਖੀ ਦਾ ਚਾਨਣ ਪ੍ਰਾਪਤ ਕਰਦੇ ਹਨ।

ਹਰੇਕ ਗੁਰਦੁਆਰੇ ਨਾਲ ਗੁਰੂ ਕਾ ਲੰਗਰ ਹੁੰਦਾ ਹੈ। ਉਥੇ ਆਏ ਗਏ ਹਰੇਕ ਮੁਸਾਫਰ ਨੂੰ ਮੁਫ਼ਤ ਰੋਟੀ ਮਿਲਦੀ ਹੈ , ਭਾਵੇਂ ਉਹ ਕਿਸੇ ਵੀ ਕੌਮ, ਦੇਸ਼, ਬਰਾਦਰੀ ਜਾਂ ਮੱਤ ਦਾ

ਹੋਵੇ। ਲੰਗਰ ਵਿਚ ਸਭ ਇਕੱਠੇ ਪੰਗਤ ਦੇ ਰੂਪ ਵਿਚ ਬੈਠਦੇ ਹਨ। ਕੋਈ ਵਿਤਕਰਾ ਨਹੀਂ ਪਾਇਆ ਜਾਂਦਾ ਅਤੇ ਕਿਸੇ ਤਰ੍ਹਾਂ ਦੀ ਭਿੱਟ ਤੇ ਛੂਤ-ਛਾਤ ਨਹੀਂ ਮਨਾਈ ਜਾਂਦੀ। ਇਨ੍ਹਾਂ ਲੰਗਰਾਂ ਵਿਚ ਆਟਾ, ਦਾਲ, ਸਬਜੀ, ਲੂਣ, ਮਸਾਲਾ, ਘਿਓ ਆਦਿ ਦੇਣ ਅਤੇ ਹੱਥੀਂ ਸੇਵਾ ਕਰਨ ਨੂੰ ਗੁਰੂ-ਘਰ ਦੇ ਪ੍ਰੇਮੀ ਬਹੁਤ ਚੰਗਾ ਸਮਝਦੇ ਹਨ। ਵਿਆਹ-ਸ਼ਾਦੀ, ਖੁਸ਼ੀ-ਗਮੀ, ਤੇ ਮਰਨੇ-ਪਰਨੇ ਦੇ ਸਮੇਂ ਵੀ ਸਿੱਖ ਗੁਰਦੁਆਰੇ ਵਿਚ ਇਕੱਤਰ ਹੁੰਦੇ ਹਨ। ਅਸਲ ਵਿਚ ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਵਿਦਿਆਲਾ, ਆਤਮਿਕ ਗਿਆਨ ਦੇ ਖੋਜੀਆਂ ਚਾਹਵਾਨਾਂ ਲਈ ਬ੍ਰਹਮ-ਗਿਆਨ ਦਾ ਸੋਮਾ, ਰੋਗੀਆਂ ਲਈ ਦਵਾ ਘਰ, ਭੁੱਖਿਆਂ ਲਈ ਲੰਗਰ, ਮੁਥਾਜਾਂ ਲਈ ਪਨਾਹ-ਘਰ, ਅਤੇ ਰਾਹੀਆਂ ਮੁਸਾਫਰਾਂ ਲਈ ਵਿਸ਼ਰਾਮ-ਅਸਥਾਨ ਹਨ, ਜਾਂ ਇਉਂ ਕਹਿ ਲਵੋ ਕਿ ਗੁਰਦੁਆਰਾ ਮਨੁੱਖੀ ਜੀਵਨ ਦੀ ਅਭਿਆਸ-ਸ਼ਾਲਾ ਹੈ। ਇਥੋਂ ਗੁਰਸਿੱਖੀ ਦੇ ਆਦਰਸ਼ਾਂ ਤੇ ਰਹਿਤ ਮਰਯਾਦਾ ਦਾ ਉਪਦੇਸ਼ ਮਿਲਦਾ ਹੈ, ਨਿੱਜੀ ਤੇ ਸਮਾਜਿਕ ਜੀਵਨ ਲਈ ਅਗਵਾਈ ਮਿਲਦੀ ਹੈ। ਗੁਰਦੁਆਰੇ ਸਿੱਖ ਦੀ ਜਿੰਦ-ਜਾਨ ਅਤੇ ਸਿੱਖੀ ਰਹਿਤ ਦੇ ਚਾਨਣ-ਮੁਨਾਰੇ ਅਤੇ ਅਭਿਆਸ ਕੇਂਦਰ ਹਨ।

ਭਗਤੀ ਅਤੇ ਸ਼ਕਤੀ ਦੇ ਸੋਮੇ-ਗੁਰਦੁਆਰੇ:

ਸਿੱਖ ਧਰਮ ਦੇ ਆਰੰਭ ਤੋਂ ਹੀ ਗੁਰਦੁਆਰੇ (ਧਰਮਸ਼ਾਲਾਵਾਂ) ਸਿੱਖ ਭਾਈਚਾਰੇ ਦੇ ਅਧਿਆਤਮਕ ਅਤੇ ਸਮਾਜਿਕ ਜੀਵਨ ਉੱਨਤੀ ਦੇ ਕੇਂਦਰ ਸਮਝੇ ਜਾਂਦੇ ਰਹੇ ਹਨ। ਗੁਰੂ ਪਾਤਸ਼ਾਹ ਨੇ ਇਨ੍ਹਾਂ ਨੂੰ ਸੰਗਤਾਂ ਦੇ ਇਕੱਤਰ ਹੋਣ ਦਾ ਸਥਾਨ ਸਮਝਾਇਆ ਹੈ, ਜਿਥੇ ਸਿੱਖ ਸੰਗਤਾਂ ਪ੍ਰਭੂ ਭਗਤੀ ਦਾ ਰਸ ਮਾਣਦੀਆਂ ਹਨ ਅਤੇ ਨਾਲ ਹੀ ਆਪਣੇ ਸਮਾਜਿਕ ਅਤੇ ਰਾਜਨੀਤਿਕ ਮਸਲਿਆਂ ਉਪਰ ਵਿਚਾਰ ਕਰਕੇ ਆਪਣੇ ਕੌਮੀ ਹਿੱਤਾਂ ਅਤੇ ਸਰਬਤ ਦੇ ਭਲੇ ਲਈ ਪ੍ਰੋਗਰਾਮ ਉਲੀਕਦੀਆਂ ਹਨ ।

ਸਿੱਖ ਸਤਿਗੁਰਾਂ ਵਿਸ਼ੇਸ਼ ਕਰਕੇ (ਛੇਵੇਂ ਅਤੇ ਦਸਵੇਂ ਪਾਤਸ਼ਾਹ) ਦੇ ਸਮੇਂ ਮੁਗਲ ਹਾਕਮਾਂ ਦੇ ਅਤਿਆਚਾਰਾਂ ਦਾ ਮੁਕਾਬਲਾ ਕਰਨ ਲਈ ਗੁਰਦੁਆਰਿਆਂ ਵਿਚ ਹੀ ਸਿੱਖ ਸੰਗਤਾਂ ਨੂੰ ਪ੍ਰੇਰਿਆ ਜਾਂਦਾ ਸੀ। ਇਥੇ ਹੀ ਜ਼ਾਲਮ ਫੌਜਾਂ ਦੇ ਟਾਕਰੇ ਲਈ ਸਿੱਖ ਸੈਨਿਕਾਂ ਨੂੰ ਫੌਜੀ ਸਿਖਲਾਈ ਦਿੱਤੀ ਜਾਂਦੀ ਸੀ ਅਤੇ ਲੋੜ ਪੈਣ ਉੱਤੇ ਇਥੋਂ ਹੀ ਧਰਮ-ਯੁੱਧ ਦੀ ਤਿਆਰੀ ਕਰਵਾਈ ਜਾਂਦੀ ਸੀ, ਕਿਉਂਕਿ ਸਿੱਖ ਧਰਮ ਮਨੁੱਖ ਜਾਤੀ ਨੂੰ ਸਭ ਪੱਖੋਂ ਸੰਪੂਰਣ ਬਣਾਉਣ ਦਾ ਕੇਂਦਰ ਹੈ, ਇਸ ਲਈ ਗੁਰਦੁਆਰੇ ਕੇਵਲ ਪਾਠ ਪੂਜਾ ਲਈ ਹੀ ਨਹੀਂ ਸਨ ਵਰਤੇ ਜਾਂਦੇ, ਜਿਵੇਂ ਕਿ ਅਨਮਤੀਆਂ ਵੱਲੋਂ ਆਪਣੇ ਧਾਰਮਿਕ ਕੇਂਦਰ (ਕੇਵਲ ਪਾਠ ਪੂਜਾ ਲਈ) ਵਰਤੇ ਜਾਂਦੇ ਹਨ।

ਆਪਣੇ ਇਤਿਹਾਸ ਅਤੇ ਰਵਾਇਤਾਂ ਨੂੰ ਧਿਆਨ ਵਿਚ ਰੱਖ ਕੇ ਜਦੋਂ ਸਿੱਖ ਗੁਰਦੁਆਰਿਆਂ ਦੀ ਵਰਤੋਂ ਆਪਣੇ ਕੌਮੀ (ਪੰਥਕ) ਹਿੱਤਾਂ ਲਈ ਕਰਦੇ ਹਨ, ਤਾਂ ਕਈ ਲੋਕੀਂ ਅਣਜਾਣਪੁਣੇ ਵਿਚ ਜਾਂ ਜਾਣ ਬੁੱਝ ਕੇ ਇਹ ਆਖਦੇ ਹਨ ਕਿ ਸਿੱਖ ਆਪਣੇ ਗੁਰਦੁਆਰਿਆਂ ਨੂੰ ਆਪਣੇ ਰਾਜਸੀ ਉਦੇਸ਼ਾਂ ਦੀ ਪੂਰਤੀ ਲਈ ਵਰਤ ਰਹੇ ਹਨ। ਅਜਿਹੇ ਸੱਜਣ ਜਾਂ ਤਾਂ ਸਿੱਖ ਇਤਿਹਾਸ, ਰਵਾਇਤਾਂ ਜਾਂ ਧਰਮ ਫਿਲਾਸਫੀ ਤੋਂ ਅਣਜਾਣ ਹੁੰਦੇ

ਹਨ, ਜਾਂ ਫਿਰ ਉਹ ਸਿੱਖਾਂ ਨੂੰ ਉੱਨਤ ਹੁੰਦਾ ਨਹੀਂ ਵੇਖਣਾ ਚਾਹੁੰਦੇ।

ਅਜਿਹੇ ਸੱਜਣਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਮਨੁੱਖ ਦੇ ਜੀਵਨ ਦੇ ਧਾਰਮਿਕ, ਸਮਾਜਿਕ ਅਤੇ ਸਿਆਸੀ ਖੇਤਰਾਂ ਨੂੰ ਵੱਖੋ ਵੱਖ ਨਹੀਂ ਕੀਤਾ ਜਾ ਸਕਦਾ। ਹਰੇਕ ਪੱਖ ਇਕ ਦੂਜੇ ਉੱਤੇ ਆਪਣਾ ਅਸਰ ਪਾਉਂਦਾ ਹੈ। ਇਸ ਲਈ ਜੇ ਕੋਈ ਰਾਜਨੀਤਿਕ ਚਾਲ ਸਿੱਖਾਂ ਨੂੰ ਕਮਜ਼ੋਰ ਜਾਂ ਖ਼ਤਮ ਕਰਨ ਲਈ ਚਲਾਈ ਜਾਂਦੀ ਹੈ, ਤਾਂ ਉਸ ਦਾ ਗੁਰਦੁਆਰਿਆਂ ਵਿਚੋਂ ਵਿਰੋਧ ਹੋਣਾ ਲਾਜ਼ਮੀ ਹੈ, ਕਿਉਂਕਿ ਗੁਰਦੁਆਰਿਆਂ ਦਾ ਮੁੱਖ ਮੰਤਵ ਹੀ ਸਿੱਖ ਸਤਿਗੁਰਾਂ ਦੇ ਵਿਚਾਰਾਂ ਦਾ ਪ੍ਰਸਾਰ ਕਰਨਾ ਅਤੇ ਸਿੱਖ ਧਰਮ ਦੀ ਚੜ੍ਹਦੀ ਕਲਾ ਹੈ।

ਜਿਹੜੇ ਲੋਕ ਗੁਰਦੁਆਰਿਆਂ ਦੀ "ਰਾਜਸੀ ਵਰਤੋਂ" ਦੇ ਵਿਰੁੱਧ ਆਵਾਜ਼ ਉਠਾਉਂਦੇ ਹਨ, ਉਹ ਸਿੱਖ ਧਰਮ ਵਿਚ 'ਭਗਤੀ ਅਤੇ ਸ਼ਕਤੀ' ਤੋਂ ਅਣਜਾਣ ਹੁੰਦੇ ਹਨ, ਕਿਉਂਕਿ ਭਾਰਤੀ ਧਰਮਾਂ ਅਨੁਸਾਰ ਭਗਤੀ ਅਤੇ ਸ਼ਕਤੀ ਦੋ ਵੱਖੋ ਵੱਖਰੇ ਜਾਂ ਵਿਰੋਧੀ ਗੁਣ ਹਨ, ਇਸ ਲਈ ਪੁਰਾਤਨ ਭਾਰਤੀ-ਸੰਸਕ੍ਰਿਤੀ ਦੇ ਅਨੁਯਾਈ ਪੱਕ ਚੁਕੇ ਵਿਚਾਰਾਂ ਕਾਰਨ ਇਸ ਨੂੰ ਠੀਕ ਨਹੀਂ ਸਮਝਦੇ।

ਭਗਤੀ ਅਤੇ ਸ਼ਕਤੀ ਦਾ ਸੁਮੇਲ ਤਾਂ ਉਸ ਵੇਲੇ ਹੀ ਹੋ ਗਿਆ ਸੀ, ਜਦੋਂ ਸਤਿਗੁਰੂ ਨਾਨਕ ਸਾਹਿਬ ਜੀ ਨੇ ਬਾਬਰ ਦੇ ਹਮਲੇ ਸਮੇਂ ਲੋਕ-ਅਗਵਾਈ ਕੀਤੀ ਸੀ, ਬਾਬਰ ਨੂੰ ਜ਼ਾਬਰ ਆਖਿਆ ਸੀ ਅਤੇ ਬੰਦੀਖਾਨੇ ਵਿਚ ਪਾਏ ਗਏ ਸਨ। ਸਤਿਗੁਰੂ ਪਾਤਿਸ਼ਾਹ ਨੇ ਬੇ-ਖੌਫ ਹੋ ਕੇ ਪਠਾਣ ਹਾਕਮਾਂ ਨੂੰ ਆਪਣੇ ਰਾਜਨੀਤਿਕ ਅਤੇ ਮਨੁੱਖੀ ਫਰਜ਼ਾਂ ਲਈ ਪ੍ਰੇਰਿਆ ਸੀ। ਰਾਜਨੀਤੀ ਵਿਚ ਅਗਵਾਈ ਦੇ ਕੇ ਸਿੱਧਾ ਦਖਲ ਦਿੱਤਾ ਸੀ। ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਕਿਸੇ 'ਪ੍ਰਭੂ ਦੇ ਭਗਤ' ਨੇ ਨਹੀਂ ਸੀ ਆਖਿਆ।

-ਕਲਿ ਕਾਤੀ ਰਾਜੇ ਕਸਾਈ, ਧਰਮ ਪੰਖ ਕਰ ਉਡਰਿਆ॥ (ਪੰਨਾ-145)

-ਰਾਜੇ ਸੀਹ ਮੁਕਦਮ ਕੁਤੇ, ਜਾਇ ਜਗਾਇਨ ਬੈਠੇ ਸੁਤੇ ॥ (ਪੰਨਾ-1288)

ਜਦੋਂ ਪੰਚਮ ਪਾਤਸ਼ਾਹ ਦੇ ਹੁਕਮ ਅਨੁਸਾਰ ਛੇਵੇਂ ਪਾਤਿਸ਼ਾਹ ਨੇ ਗੁਰਗੱਦੀ ਦੀ ਰਸਮ ਸਮੇਂ, ਮੀਰੀ ਅਤੇ ਪੀਰੀ ਦੀਆਂ ਦੋ ਕ੍ਰਿਪਾਨਾਂ ਪਹਿਨੀਆਂ, ਤਾਂ ਭਗਤੀ ਅਤੇ ਸ਼ਕਤੀ ਦਾ ਸੁਮੇਲ ਉੱਘੜ ਕੇ ਸਾਹਮਣੇ ਆਇਆ। ਭਗਤੀ ਦੇ ਕੇਂਦਰ ਹਰਿਮੰਦਰ ਸਾਹਿਬ ਦੇ ਨੇੜੇ ਅਕਾਲ ਤਖਤ ਦੀ ਸਥਾਪਨਾ ਨੇ ਇਸ ਸੁਨਹਿਰੀ ਸਿਧਾਂਤ ਨੂੰ ਹੋਰ ਪੱਕਿਆਂ ਕੀਤਾ। ਅਕਾਲ ਤਖਤ ਸਾਹਿਬ ਦੇ ਉੱਤੇ ਨਿਸ਼ਾਨ ਸਾਹਿਬ ਵੀ ਦੋ ਝੁਲਾਏ, ਜਿਨ੍ਹਾਂ ਵਿਚੋਂ ਇਕ ਅਧਿਆਤਮਕ ਪ੍ਰਭੁਤਾ (ਭਗਤੀ) ਅਤੇ ਦੂਜਾ ਸੰਸਾਰਕ ਪ੍ਰਭੁਤਾ (ਰਾਜਨੀਤੀ) ਦਾ ਪ੍ਰਤੀਕ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕਰਕੇ ਹਮੇਸ਼ਾਂ ਲਈ ਮਨੁੱਖਤਾ ਦੇ ਹਿੱਤਾਂ ਦੀ ਰਾਖੀ ਲਈ, ਧਾਰਮਿਕ ਕਦਰਾਂ ਕੀਮਤਾਂ ਦੇ ਪ੍ਰਸਾਰ ਲਈ ਅਤੇ ਜ਼ਬਰ ਜ਼ੁਲਮ ਦੇ ਵਿਰੋਧ ਲਈ "ਅਕਾਲ ਪੁਰਖ ਕੀ ਫੌਜ' ਕਾਇਮ ਕਰ ਦਿੱਤੀ। ਆਪ ਜੀ ਨੇ ਆਖਿਆ ਜਦੋਂ ਸ਼ਾਂਤਮਈ ਢੰਗਾਂ ਨਾਲ ਜ਼ਾਲਮ ਸਿੱਧੇ ਰਾਹ ਨਾ ਪਵੇ, ਤਾਂ ਸ਼ਕਤੀ ਦੀ ਵਰਤੋਂ ਬਿਲਕੁਲ

ਜਾਇਜ਼ ਹੈ। ਆਪ ਨੇ ਔਰੰਗਜ਼ੇਬ ਨੂੰ ਲਿਖੀ ਆਪਣੀ ਪ੍ਰਸਿੱਧ ਚਿੱਠੀ "ਜ਼ਫਰਨਾਮੇ " ਵਿੱਚ ਫੁਰਮਾਇਆ :-

ਚੁ ਕਾਰ ਅਜ਼ ਹਮ: ਹੀਲਤੇ ਦਰਗੁਜ਼ਸਤ।

ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ।

ਭਾਵ: ਜਦੋਂ ਕੋਈ ਕੰਮ ਸਾਰੇ ਹੀਲੇ, ਉਪਾਵਾਂ ਤੋਂ ਲੰਘ ਜਾਵੇ ਤਾਂ ਹੱਥ ਵਿਚ ਤਲਵਾਰ ਲੈਣਾ ਜਾਇਜ਼ ਹੈ।

ਇਸ ਲਈ ਗੁਰਦੁਆਰਿਆਂ ਨੂੰ ਪੰਥਕ ਹਿੱਤਾਂ ਲਈ ਵਰਤਣਾ ਅਯੋਗ ਨਹੀਂ ਹੈ।

***

11. ਗੁਰਬਾਣੀ ਦੇ ਪਾਠ, ਕੀਰਤਨ ਤੇ ਕਥਾ ਦੀ ਮਹੱਤਤਾ

ਗੁਰਮਤਿ ਅਨੁਸਾਰ ਪ੍ਰਭੂ ਦੀ ਪ੍ਰਾਪਤੀ ਦਾ ਸਾਧਨ, ਪ੍ਰੇਮਾ ਭਗਤੀ ਹੈ। ਪ੍ਰੇਮ ਰਸ ਵਿਚ ਵਿਚਰ ਕੇ ਪ੍ਰਭੂ ਦੇ ਗੁਣ ਗਾਇਨ ਕਰਦੇ ਹੋਏ ਜੀਵਨ ਮੁਕਤ ਹੋਣਾ ਹੈ। ਇਸ ਦੇ ਲਈ ਗੁਰੂ ਸਾਹਿਬਾਨ ਨੇ ਗੁਰਬਾਣੀ ਦੇ ਪਾਠ ਕਰਨ, ਕੀਰਤਨ ਕਰਨ ਤੇ ਕਥਾ ਕਰਨ ਦੀ ਮਰਯਾਦਾ ਸਥਾਪਤ ਕੀਤੀ ਹੈ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਵਾਰ ਪੰਚਮ ਪਾਤਸ਼ਾਹ ਗੁਰੂ ਅਰਜੁਨ ਸਾਹਿਬ ਜੀ ਦੇ ਸਮੇਂ ਦੀਵਾਨ ਜੁੜਿਆ ਹੋਇਆ ਸੀ। ਸੰਗਤਾਂ ਦੂਰੋਂ ਨੇੜਿਓਂ ਆਈਆਂ ਹੋਈਆਂ ਸਨ ਤੇ ਦੀਵਾਨ 'ਚ ਗੁਰਬਾਣੀ ਦਾ ਰਸ ਮਾਣ ਰਹੀਆਂ ਸਨ। ਕੀਰਤਨ ਦੀ ਸਮਾਪਤੀ ਉਪਰੰਤ ਗੁਰੂ ਸਾਹਿਬ ਜੀ ਨੇ ਸ਼ਬਦ ਵੀਚਾਰ ਕੀਤੀ ਅਤੇ ਸੰਗਤਾਂ ਨੂੰ ਗੁਰਮਤਿ ਦ੍ਰਿੜ ਕਰਵਾਈ। ਦੀਵਾਨ ਦੀ ਸਮਾਪਤੀ ਹੋਈ। ਕੁਝ ਗੁਰਸਿੱਖ ਗੁਰੂ ਪਾਤਸ਼ਾਹ ਜੀ ਨਾਲ ਬਚਨ ਬਿਲਾਸ ਕਰਨ ਲਈ ਰੁੱਕ ਗਏ। ਇਹਨਾਂ ਵਿਚੋਂ ਭਾਈ ਝਾਜੂ, ਭਾਈ ਮੁਕੰਦਾ ਤੇ ਭਾਈ ਕੇਦਾਰਾ ਜੀ, ਜੋ ਕਿ ਚੰਗੇ ਕੀਰਤਨੀਏ ਸਨ, ਨੇ ਹੱਥ ਜੋੜ ਕੇ ਬੇਨਤੀ ਕੀਤੀ, " ਗੁਰੂ ਪਾਤਸ਼ਾਹ ਜੀਉ ! ਆਪ ਜੀ ਨੇ ਜੋ ਜੀਵਨ ਮੁਕਤ ਹੋਣ ਲਈ ਪ੍ਰੇਮਾ ਭਗਤੀ ਦਾ ਰਾਹ ਦੱਸਿਆ ਹੈ। ਇਸਦੇ ਲਈ ਗੁਰਬਾਣੀ ਦੇ ਪਾਠ, ਕੀਰਤਨ ਅਤੇ ਕਥਾ ਕਿਵੇਂ ਸਹਾਈ ਹੋਣਗੇ? ਇਹ ਦਾਸਰਿਆਂ ਨੂੰ ਸਮਝਾਉਣ ਦੀ ਕ੍ਰਿਪਾਲਤਾ ਕਰੋ ਜੀ। ”

ਗੁਰੂ ਸਾਹਿਬ ਜੀ ਨੇ ਫੁਰਮਾਇਆ "ਭਾਈ ਸਿੱਖੋ! ਆਪਣੇ ਇਸ ਜੀਵਨ ਵਿਚ ਹਿਰਦੇ ਰੂਪੀ ਖੇਤ ਨੂੰ ਪ੍ਰਭੂ ਦੇ ਨਾਮ ਰੂਪੀ ਅੰਮ੍ਰਿਤ ਨਾਲ ਸਿੰਜਣਾ ਹੈ। ਇਸ ਸਿੰਜਾਈ ਲਈ ਇਹ ਤਿੰਨੋ ਹੀ ਬਹੁਤ ਜ਼ਰੂਰੀ ਹਨ। ਗੁਰਬਾਣੀ ਦੇ ਪਾਠ ਨੂੰ ਇਸ ਤਰ੍ਹਾਂ ਜਾਣੋ ਕਿ ਆਪਣੇ ਖੂਹ ਦਾ ਪਾਣੀ ਹੈ, ਜਿਸ ਵੇਲੇ ਖੇਤੀ ਨੂੰ ਸਿੰਜਣ ਦਾ ਸਮਾਂ ਹੁੰਦਾ ਹੈ, ਤਦੋਂ ਇਕ ਕਿਸਾਨ ਖੂਹ ਵਿਚੋਂ ਪਾਣੀ ਲੈ ਕੇ ਖੇਤਾਂ ਦੀ ਸਿੰਜਾਈ ਕਰਦਾ ਹੈ। ਠੀਕ ਇੰਝ ਹੀ ਆਪਣੇ ਹਿਰਦੇ ਰੂਪੀ ਖੇਤ ਨੂੰ ਗੁਰਬਾਣੀ ਦੇ ਪਾਠ ਰੂਪੀ ਅੰਮ੍ਰਿਤ ਨਾਲ ਸਿੰਜਣਾ ਹੈ। ਖੂਹ ਨਾਲ ਕੇਵਲ ਨੇੜਲੇ ਖੇਤਾਂ ਨੂੰ ਹੀ ਪਾਣੀ ਦਿੱਤਾ ਜਾ ਸਕਦਾ ਹੈ। ਇਸ ਤਰ੍ਹਾਂ ਜੋ ਇਨਸਾਨ ਪ੍ਰੇਮਾ ਭਗਤੀ 'ਚ ਆ ਕੇ ਗੁਰਬਾਣੀ ਦਾ ਪਾਠ, ਗਾਇਨ ਕਰਦਾ, (ਗੁਰਬਾਣੀ ਕੰਠ ਉਸ ਨੂੰ ਹੋਰ ਸਹਾਈ ਹੁੰਦੀ ਹੈ) ਤੇ ਬੈਰਾਗ ਵਿਚ ਆ ਕੇ ਅਨੰਦ ਮਈ ਹੁੰਦਾ ਤਾਂ ਇਸ ਨਾਲ ਉਸਦੇ ਦੁੱਖ, ਤਕਲੀਫਾਂ

ਆਦਿ ਦੂਰ ਹੁੰਦੇ ਹਨ। ਉਹ ਪ੍ਰਭੂ ਦੇ ਪ੍ਰੇਮ ਰਸ ਵਿਚ ਲੀਨ ਹੁੰਦਾ ਹੈ। ਇਸ ਤਰ੍ਹਾਂ ਗੁਰਬਾਣੀ ਦੇ ਪਾਠ ਨਾਲ ਪ੍ਰਭੂ ਦੀ ਪ੍ਰੇਮਾ ਭਗਤੀ ਹੁੰਦੀ ਹੈ।

ਦੂਜੇ ਗੁਰਬਾਣੀ ਦੇ ਕੀਰਤਨ ਨਾਲ ਪ੍ਰੇਮ ਦਾ ਰਸ ਉਪਜਦਾ ਹੈ। ਮਨ ਪ੍ਰਭੂ ਦੇ ਗੁਣਾਂ ਦੇ ਗਾਇਨ ਵਿਚ ਜੁੜਦਾ ਹੈ। ਕੀਰਤਨ ਇਕ ਚੰਗਾ ਤਰੀਕਾ ਹੈ ਹਿਰਦੇ ਵਿਚ ਪ੍ਰਭੂ ਦੇ ਪ੍ਰੇਮ ਦੇ ਰੰਗ ਵਿਚ ਰੰਗਣ ਦਾ। ਪਰ ਕੀਰਤਨ ਮੂਸਲੇਧਾਰ ਜਾਂ ਤੇਜ਼ ਮੀਂਹ ਦੇ ਵਾਂਗ ਹੈ। ਜਿਵੇਂ ਖੂਹ ਨਾਲ ਕੁਝ ਹੀ ਖੇਤੀ ਸਿੰਜੀ ਜਾ ਸਕਦੀ ਹੈ, ਪ੍ਰੰਤੂ ਮੀਂਹ ਨਾਲ ਸਾਰੇ ਖੇਤਾਂ ਦੀ ਸਿੰਜਾਈ ਹੋ ਜਾਂਦੀ ਹੈ। ਗੁਰਬਾਣੀ ਦਾ ਪਾਠ ਤਾਂ ਆਮ ਤੌਰ ਤੇ ਨਿੱਜ ਵਾਸਤੇ ਹੈ, ਕੀਰਤਨ ਸੰਗਤੀ ਰੂਪ ਵਿਚ ਹੈ। ਤੇਜ਼ ਮੀਂਹ ਨਾਲ ਧਰਤੀ ਦੀ ਉਪਰਲੀ ਤਹਿ ਤਾਂ ਗਿੱਲੀ ਹੋ ਜਾਂਦੀ ਹੈ, ਪਰ ਪਾਣੀ ਦੀ ਪਹੁੰਚ ਡੂੰਘਾਈ ਤੱਕ ਨਹੀਂ ਹੁੰਦੀ। ਬਹੁਤੀ ਵੇਰ ਮੀਂਹ ਦਾ ਪਾਣੀ ਰੁੜ੍ਹ ਜਾਂਦਾ ਹੈ। ਤਿਵੇਂ ਹੀ ਕੀਰਤਨ ਸੁਣਦੇ ਹੋਏ ਅਸੀਂ ਜੁੜਦੇ ਹਾਂ, ਪਰ ਜਿੰਨੀ ਦੇਰ ਕੀਰਤਨ ਹੁੰਦਾ ਹੈ, ਓਨੀ ਦੇਰ ਤਕ ਮਨ ਟਿਕਾਓ ਵਿਚ ਰਹਿੰਦਾ ਹੈ। ਇਹ ਆਮ ਮਨੁੱਖੀ ਬਿਰਤੀ ਹੈ। ਇਸ ਤਰ੍ਹਾਂ ਗੁਰਬਾਣੀ ਦੇ ਕੀਰਤਨ ਨਾਲ ਵੀ ਪ੍ਰਭੂ ਦੀ ਪ੍ਰੇਮਾ ਭਗਤੀ ਹੁੰਦੀ ਹੈ, ਜੋ ਕਿ ਮਨ ਨੂੰ ਪ੍ਰੇਮ ਵਿਚ ਰੰਗਣ ਦਾ ਇਕ ਉੱਤਮ ਵਸੀਲਾ ਹੈ।

ਤੀਸਰਾ ਗੁਰਬਾਣੀ ਦੀ ਕਥਾ "ਬੂੰਦਾ ਬਾਂਦੀ" ਮੀਂਹ ਵਾਂਗ ਹੈ। ਬੂੰਦਾਬਾਂਦੀ ਮੀਂਹ ਹੌਲੀ ਹੌਲੀ ਲਗਾਤਾਰ ਵਰ੍ਹਦਾ ਹੈ। ਇਸ ਨਾਲ ਧਰਤੀ ਦੀ ਸਿੰਜਾਈ ਚੰਗੀ ਤਰ੍ਹਾਂ ਤੇ ਗਹਿਰੀ ਹੋ ਜਾਂਦੀ ਹੈ। ਇਸਦਾ ਪਾਣੀ ਵਿਅਰਥ ਨਹੀਂ ਜਾਂਦਾ। ਇਸ ਦਾ ਅਸਰ ਵੀ ਬਹੁਤ ਦੇਰ ਤਕ ਰਹਿੰਦਾ ਹੈ। ਠੀਕ ਤਿਵੇਂ ਹੀ ਗੁਰਬਾਣੀ ਦੀ ਕਥਾ, ਹਿਰਦੇ ਰੂਪੀ ਖੇਤ ਨੂੰ ਸਿੰਜਦੀ ਹੈ। ਇਸ ਨਾਲ ਗੁਰਬਾਣੀ ਦੇ ਅਰਥ ਭਾਵਾਂ ਦੀ ਸਮਝ ਆ ਜਾਂਦੀ ਹੈ। ਫਿਰ ਜਦੋਂ ਇਨਸਾਨ ਕਿਸੇ ਵੀ ਸ਼ਬਦ ਦਾ ਪਾਠ ਜਾਂ ਗਾਇਨ, ਸ਼ਬਦ ਦੇ ਅਰਥ ਭਾਵ ਨੂੰ ਸਮਝ ਕੇ ਕਰਦਾ ਹੈ ਤਾਂ ਉਸਦਾ ਹਿਰਦਾ ਸੁੱਤੇ ਸਿੱਧ ਹੀ ਪ੍ਰੇਮ ਦੀ ਰੰਗਣ 'ਚ ਆ ਜਾਂਦਾ ਹੈ, ਇਨਸਾਨ ਸ਼ਬਦ ਅਨੁਸਾਰ ਆਪਣਾ ਜੀਵਨ ਢਾਲਦਾ ਹੈ। ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ। ਮਾਇਆ ਮੋਹ ਦੇ ਚੱਕਰ ਵਿਚ ਨਹੀਂ ਫਸਦਾ। ਇਸ ਤਰ੍ਹਾਂ ਕਥਾ ਦਾ ਅਸਰ ਵੀ ਮਨੁੱਖ ਦੇ ਹਿਰਦੇ ਤੇ ਲੰਮੇ ਸਮੇਂ ਲਈ ਰਹਿੰਦਾ ਹੈ ਕਿਉਂਕਿ ਗੁਰਬਾਣੀ ਦੇ ਅਰਥ ਭਾਵ ਕਥਾ ਰਾਹੀਂ ਮਨੁੱਖ ਦੇ ਹਿਰਦੇ ਵਿਚ ਬੂੰਦਾਬਾਂਦੀ ਮੀਂਹ ਦੇ ਪਾਣੀ ਵਾਂਗ ਚੰਗੀ ਤਰ੍ਹਾਂ ਭਰ ਜਾਂਦੇ ਹਨ।

ਇਸ ਪ੍ਰਕਾਰ ਗੁਰਬਾਣੀ ਦੇ ਪਾਠ, ਕੀਰਤਨ ਤੇ ਕਥਾ ਦਾ ਆਪਣਾ-ਆਪਣਾ ਮਹੱਤਵ ਹੈ, ਜੋ ਇਸ ਢੰਗ ਨਾਲ ਗੁਰਬਾਣੀ ਨੂੰ ਅਪਣਾਉਂਦੇ ਹਨ ਤੇ ਜੀਵਨ ਢਾਲਦੇ ਹਨ ਉਹ ਜੀਵਨ ਮੁਕਤ ਹੋ ਜਾਂਦੇ ਹਨ।

ਸਿੱਖਾਂ ਨੇ ਫਿਰ ਬੇਨਤੀ ਕੀਤੀ, "ਪਾਤਸ਼ਾਹ ਜੀ ! ਆਪ ਜੀ ਨੇ ਬਹੁਤ ਕਿਰਪਾ ਕੀਤੀ ਜੋ ਕਿ ਗੁਰਬਾਣੀ ਰਾਹੀਂ ਪ੍ਰੇਮਾ ਭਗਤੀ ਕਿਵੇਂ ਕਰਨੀ ਹੈ ਦਾ ਢੰਗ ਤਰੀਕਾ ਸਮਝਾਇਆ ਹੈ। ਨਾਲ ਹੀ ਇਹ ਵੀ ਸਮਝਾਉਣ ਦੀ ਕ੍ਰਿਪਾਲਤਾ ਕਰਨੀ ਜੀ ਕਿ ਇਹਨਾਂ ਵਿਚੋਂ ਜ਼ਰੂਰੀ ਅੰਗ ਕਿਹੜਾ ਹੈ? ਗੁਰੂ ਸਾਹਿਬ ਨੇ ਸਮਝਾਇਆ ," ਗੁਰਬਾਣੀ ਦੇ ਪਾਠ, ਕੀਰਤਨ ਅਤੇ ਕਥਾ ਤਿੰਨੇ ਹੀ ਜ਼ਰੂਰੀ ਹੀ ਹਨ। ਹਰੇਕ ਦੀ ਆਪੋ ਆਪਣੀ ਮਹਾਨਤਾ ਤੇ ਸਥਾਨ ਹੈ।

ਪਾਠ ਤੇ ਕੀਰਤਨ ਸ਼ਰਧਾ ਤੇ ਪ੍ਰੇਮ ਸਹਿਤ ਕਰਨੇ ਚਾਹੀਦੇ ਹਨ। ਜੇਕਰ ਸ਼ਰਧਾ ਤੇ ਪ੍ਰੇਮ ਨਹੀਂ ਹੈ ਤਾਂ ਪ੍ਰਭੂ ਨਾਲ ਸਾਂਝ ਨਹੀਂ ਬਣਦੀ ਹੈ। ਕਥਾ ਤਾਂ ਇਹਨਾਂ ਤੋਂ ਵੀ ਜ਼ਰੂਰੀ ਹੈ। ਕਥਾ ਨਾਲ ਹੀ ਅਰਥ ਭਾਵ ਦੀ ਸੋਝੀ ਹੁੰਦੀ ਹੈ ਤੇ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਦਾ ਕੀ ਉਪਦੇਸ਼ ਹੈ। ਕਥਾ ਵੀਚਾਰ ਤੋਂ ਹੀ ਜੀਵਨ ਮੁਕਤ ਹੋਣ ਦੀ ਜੁਗਤੀ ਬਾਰੇ ਜਾਣਕਾਰੀ ਹੁੰਦੀ ਹੈ। ਸੰਸਾਰੀ ਰੁਕਾਵਟਾਂ ਦੂਰ ਕਰਨ ਬਾਰੇ ਵੀ ਪਤਾ ਲਗਦਾ ਹੈ। ਇਹ ਗਿਆਨ ਦਾ ਪੱਖ ਹੈ। ਜੇਕਰ ਗਿਆਨ ਨਹੀਂ ਤਾਂ ਸ਼ਰਧਾ ਦਿਸ਼ਾ ਰਹਿਤ ਹੋ ਜਾਂਦੀ ਹੈ ਤੇ ਦਿਸ਼ਾ ਰਹਿਤ ਸ਼ਰਧਾ ਗੁਰੂ ਘਰ ਵਿਚ ਪਰਵਾਣ ਨਹੀਂ। ਦੋਨੋਂ ਹੀ ਜ਼ਰੂਰੀ ਹਨ, ਸ਼ਰਧਾ ਤੇ ਗਿਆਨ ਜਿਵੇਂ ਮਾਤਾ, ਪੁੱਤਰਾਂ ਦੇ ਕਰਕੇ ਹੀ ਸ਼ੋਭਾ ਪਾਉਂਦੀ ਹੈ। ਪਰ ਪੁੱਤਰਾਂ ਦੀ ਪਾਲਣਾ ਵੀ ਮਾਤਾ ਹੀ ਕਰਦੀ ਹੈ। ਇਸ ਤਰ੍ਹਾਂ ਕਥਾ ਮਾਤਾ ਵਾਂਗ ਹੈ ਤੇ ਕੀਰਤਨ ਪੁੱਤਰਾਂ ਦੇ ਸਮਾਨ ਹੈ। ”

" ਭਾਈ ਮਨੀ ਸਿੰਘ ਜੀ ਅਨੁਸਾਰ"

ਤਾਂ ਸਿੱਖਾਂ ਅਰਦਾਸ ਕੀਤੀ, "ਜੀ ! ਇਹਨਾਂ ਦਾ ਪਿਤਾ ਕੌਣ ਹੈ?"

ਤਾਂ ਬਚਨ ਹੋਇਆ, "ਪ੍ਰੇਮ ਜੋ ਕਥਾ ਦਾ ਭਰਤਾ (ਪਤੀ) ਹੈ, ਕੀਰਤਨ ਦਾ ਪਿਤਾ ਹੈ। ਪ੍ਰੇਮ ਕਰਕੇ ਦੋਨੋਂ ਸ਼ੋਭਾ ਪਾਂਦੇ ਹੈਨਿ। ਜਿਸ ਸਦਕਾ ਹਿਰਦੇ ਰੂਪੀ ਖੇਤੀ ਅੰਦਰ ਸਦੀਵ ਕਾਲ ਲਈ ਖੇੜਾ ਬਣਿਆ ਰਹਿੰਦਾ ਹੈ। ਮਨ, ਤਨ ਹਰਿਆ ਰਹਿੰਦਾ ਹੈ। ”

ਇਸ ਤਰ੍ਹਾਂ ਸਿੱਖਾਂ ਨੇ ਇਹ ਸਿਖਿਆ ਚੰਗੀ ਤਰ੍ਹਾਂ ਦ੍ਰਿੜ ਕਰ ਲਈ ਅਤੇ ਕਾਮਨਾ ਰਹਿਤ ਹੋ ਕੇ ਕੀਰਤਨ ਤੇ ਕਥਾ ਕੀਤੀ। ਜਿਸਦਾ ਸਦਕਾ ਉਹ ਜੀਵਨ ਮੁਕਤ ਹੋ ਗਏ।

***

ਸ਼ਬਦ–ਵੀਚਾਰ

12. ਬਿਲਾਵਲੁ, ਮਹਲਾ 5 ॥ (ਪੰਨਾ–823)

ਗੁਰਿ ਪੂਰੈ, ਮੇਰੀ ਰਾਖਿ ਲਈ ॥
ਅੰਮ੍ਰਿਤ ਨਾਮੁ, ਰਿਦੇ ਮਹਿ ਦੀਨੋ,ਜਨਮ ਜਨਮ ਕੀ ਮੈਲੁ ਗਈ ॥ 1 ॥
ਨਿਵਰੇ ਦੂਤ ਦੁਸਟ ਬੈਰਾਈ, ਗੁਰ ਪੂਰੇ ਕਾ ਜਪਿਆ ਜਾਪੁ ॥
ਕਹਾ ਕਰੈ ਕੋਈ ਬੇਚਾਰਾ, ਪ੍ਰਭ ਮੇਰੇ ਕਾ ਬਡ ਪਰਤਾਪੁ ॥ 1 ॥
ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ,ਚਰਨ ਕਮਲ ਰਖੁ ਮਨ ਮਾਹੀ ॥
ਤਾ ਕੀ ਸਰਨਿ ਪਰਿਓ, ਨਾਨਕ ਦਾਸੁ,ਜਾ ਤੇ ਊਪਰਿ ਕੋ ਨਾਹੀ ॥2॥12॥–98॥

ਉਚਾਰਣ ਸੇਧਾਂ:-ਦੁਸਟ-ਦੁਸ਼ਟ, ਮਾਹੀ-ਮਾਹੀਂ, ਸਰਨਿ-ਸ਼ਰਨਿ, ਨਾਹੀ -ਨਾਹੀਂ, ਕਹਾ ਕਰੈ-ਕੀ ਕਰੇ, ਪਰਤਾਪੁ-ਜਸ (ਕੀਰਤੀ)।

ਭੂਮਿਕਾ :– ਪੂਰਾ ਗੁਰੂ ਨਾਮ ਦਾ ਦਾਤਾ ਹੈ। ਉਸ ਦੀ ਕਿਰਪਾ ਨਾਲ ਜਦ ਹਿਰਦੇ ਵਿਚ ਨਾਮ (ਹੁਕਮ) ਟਿਕਦਾ ਹੈ, ਤਾਂ ਸਭ ਕੁਕਰਮ ਨਾਸ਼ ਹੋ ਜਾਂਦੇ ਹਨ। ਐਸੇ ਸਤਿਗੁਰੂ ਦੀ ਸ਼ਰਨ ਪਏ ਰਹਿਣਾ ਚਾਹੀਦਾ ਹੈ ਜਿਸ ਤੋਂ ਉਪਰ (ਵੱਡਾ) ਹੋਰ ਕੋਈ ਨਹੀਂ ਹੈ। ਇਸ

ਸ਼ਬਦ ਰਾਹੀਂ ਸਤਿਗੁਰੂ ਜੀ ਇਹੀ ਗੱਲ ਸਮਝਾ ਰਹੇ ਹਨ ਕਿ ਪੂਰੇ ਗੁਰੂ ਦੀ ਬਖਸ਼ਿਸ਼ ਨਾਲ ਹਿਰਦੇ ਵਿਚ ਨਾਮ ਵਸਿਆ ਹੈ ਤੇ ਇਸ ਤਰ੍ਹਾਂ ਸਭ ਅਉਗੁਣ ਖ਼ਤਮ ਹੋ ਗਏ ਹਨ। ਸਾਨੂੰ ਵੀ ਸਤਿਗੁਰੂ ਦੀ ਸ਼ਰਨ ਪਏ ਰਹਿਣਾ ਚਾਹੀਦਾ ਹੈ, ਜਿਸ ਦੀ ਕਿਰਪਾ ਨਾਲ ਜੀਵਨ ਵਿਚੋਂ ਭੈੜੇ ਕਰਮ ਨਾਸ਼ ਹੁੰਦੇ ਹਨ।

ਭਾਵ ਅਰਥ:– ਪੂਰੇ ਸਤਿਗੁਰੂ ਦੀ ਸ਼ਰਨ ਪੈ ਕੇ ਪਰਮਾਤਮਾ ਦੇ ਗੁਣਾਂ ਨਾਲ ਦਿਲੀ ਪਿਆਰ ਬਣ ਜਾਂਦਾ ਹੈ। ਇਸ ਨਾਲ ਜੀਵਨ ਵਿਚੋਂ ਸਭ ਭੈੜੀਆਂ ਬਿਰਤੀਆਂ (ਸੁਭਾਅ) ਖ਼ਤਮ ਹੋ ਜਾਂਦੀਆਂ ਹਨ। ਤਾਂ ਤੇ ਸਤਿਗੁਰੂ ਦੀ ਸ਼ਰਨ ਪਏ ਰਹਿਣਾ ਚਾਹੀਦਾ ਹੈ, ਜਿਸ ਤੋਂ ਉੱਪਰ (ਵੱਡਾ) ਹੋਰ ਕੋਈ ਨਹੀਂ ਹੈ। ਪ੍ਰਭੂ ਦੇ ਵੱਡੇ ਪ੍ਰਤਾਪ ਅੱਗੇ ਕਿਸੇ ਦੀ ਕੀ ਸਮਰੱਥਾ ਹੈ? ਪ੍ਰਭੂ ਨੂੰ ਯਾਦ ਕਰਕੇ ਹਿਰਦੇ ਅੰਦਰ ਵਸਾਉਣਾ ਹੈ। ਇਸ ਨਾਲ ਜਿਥੇ ਜੀਵਨ ਵਿਚੋਂ ਵਿਕਾਰਾਂ ਦਾ ਨਾਸ਼ ਹੁੰਦਾ ਹੈ, ਇਸ ਵਿੱਚ ਹੀ ਸਾਰੇ ਸੁੱਖਾਂ ਦੀ ਪ੍ਰਾਪਤੀ ਹੈ।

ਸਾਰੰਸ਼:– ਪਰਮੇਸ਼ਵਰ ਦਾ ਨਾਮ ਪੂਰੇ ਸਤਿਗੁਰੂ ਪਾਸੋਂ ਪ੍ਰਾਪਤ ਹੁੰਦਾ ਹੈ। ਗੁਰੂ ਦੇ ਸ਼ਬਦ ਨੂੰ ਹਿਰਦੇ ਵਿਚ ਟਿਕਾਉਣ ਨਾਲ ਕੁਕਰਮਾਂ ਦਾ ਨਾਸ਼ ਹੁੰਦਾ ਹੈ। ਇਸ ਤਰ੍ਹਾਂ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਸੋ, ਸਦਾ ਸਤਿਗੁਰੂ ਦੀ ਸ਼ਰਨ ਪਈਏ। ਜਿਸ ਤੋਂ ਉੱਤੇ ਹੋਰ ਕੋਈ ਨਹੀਂ ਹੈ।

***

13. ਰਾਮਕਲੀ ਮਹਲਾ 3 (ਅਨੰਦੁ) (ਪੰਨਾ–920)

ਆਵਹੁ, ਸਿਖ ਸਤਿਗੁਰੂ ਕੇ ਪਿਆਰਿਹੋ, ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ, ਗੁਰੂ ਕੇਰੀ, ਬਾਣੀਆ ਸਿਰਿ, ਬਾਣੀ ॥
ਜਿਨ ਕਉ, ਨਦਰਿ ਕਰਮੁ ਹੋਵੈ, ਹਿਰਦੈ ਤਿਨਾ, ਸਮਾਣੀ ॥
ਪੀਵਹੁ ਅੰਮ੍ਰਿਤੁ, ਸਦਾ ਰਹਹੁ ਹਰਿ ਰੰਗਿ , ਜਪਿਹੁ ਸਾਰਿਗਪਾਣੀ ॥
ਕਹੈ ਨਾਨਕੁ, ਸਦਾ ਗਾਵਹੁ, ਏਹ, ਸਚੀ ਬਾਣੀ ॥ 23 ॥
ਉਚਾਰਣ ਸੇਧਾਂ:–ਤਿਨਾ–ਤਿਨ੍ਹਾਂ, ਤ–ਤਂ, ਸਾਰਿਗਪਾਣੀ–ਸਾਰਿਂਗਪਾਣੀ।
ਪਦ ਅਰਥ:–ਸਿਰਿ–ਸ਼੍ਰੋਮਣੀ, ਨਦਰਿ–ਮਿਹਰ ਦੀ ਨਜ਼ਰ, ਕਰਮੁ–ਬਖਸ਼ਿਸ਼, ਰੰਗਿ–ਪਿਆਰ ਵਿਚ, ਜਪਿਹੁ–ਜਪਦੇ ਰਹੋ, ਸਾਰਿਗਪਾਣੀ– ਅਕਾਲ–ਪੁਰਖ।

ਭੂਮਿਕਾ :– ਇਸ ਸ਼ਬਦ ਰਾਹੀਂ ਗੁਰਦੇਵ ਪ੍ਰੇਰਣਾ ਦਿੰਦੇ ਹਨ ਕਿ ਆਉ ਸਤਸੰਗੀ ਜਨੋ ਰਲ ਕੇ ਅਕਾਲ ਪੁਰਖ ਦੀ ਸੱਚੀ ਬਾਣੀ ਦਾ ਗਾਇਨ ਕਰੀਏ, ਜੋ ਸਾਨੂੰ ਅੰਮ੍ਰਿਤ ਨਾਮ ਬਖਸ਼ਦੀ ਹੈ, ਜਿਸ ਸਦਕਾ ਅਸੀਂ ਪਰਮਾਤਮਾ ਦੇ ਰੰਗ ਵਿਚ ਰੰਗੇ ਜਾਂਦੇ ਹਾਂ।

ਭਾਵ ਅਰਥ:– ਗੁਰੂ ਜੀ ਗੁਰਸਿੱਖਾਂ ਨੂੰ ਸਮਝਾਉਂਦੇ ਅਤੇ ਪ੍ਰੇਰਦੇ ਹਨ ਕਿ ਆਉ ਰਲ ਮਿਲ ਕੇ ਸੱਚੀ ਬਾਣੀ (ਗੁਰਬਾਣੀ) ਨੂੰ ਗਾਈਏ। ਜਿਨ੍ਹਾਂ ਮਨੁੱਖਾਂ ਤੇ ਵਾਹਿਗੁਰੂ ਜੀ ਦੀ ਕਿਰਪਾ ਹੁੰਦੀ ਹੈ, ਉਨ੍ਹਾਂ ਦੇ ਹਿਰਦੇ ਵਿਚ ਇਹ ਗੁਰਬਾਣੀ ਵੱਸ ਜਾਂਦੀ ਹੈ।

ਉਹ ਗੁਰਬਾਣੀ ਨੂੰ ਚੰਗੀ ਤਰ੍ਹਾਂ ਸਮਝ ਕੇ ਜੀਵਨ ਇਸ ਅਨੁਸਾਰ ਢਾਲ ਲੈਂਦੇ ਹਨ। ਤੇ ਉਨ੍ਹਾਂ ਦਾ ਜੀਵਨ ਅੰਮ੍ਰਿਤ ਵਰਗਾ ਵਧੀਆ ਹੋ ਜਾਂਦਾ ਹੈ। ਉਹ ਗੁਰਬਾਣੀ ਨੂੰ ਸਮਝ ਕੇ ਇਸ ਅੰਮ੍ਰਿਤ ਨੂੰ ਪੀਂਦੇ ਰਹਿੰਦੇ ਹਨ। ਇਸ ਲਈ ਆਉ ਸਦਾ ਇਸੇ ਵਾਹਿਗੁਰੂ ਜੀ ਵਲੋਂ ਬਖਸ਼ੀ ਬਾਣੀ ਨੂੰ ਗਾ ਕੇ ਸਦਾ ਵਾਹਿਗੁਰੂ ਜੀ ਨੂੰ ਯਾਦ ਕਰਦੇ ਰਹੀਏ।

ਨੋਟ:- **ਕਈ ਵਾਰੀ ਅਣਜਾਣਪੁਣੇ ਵਿਚ ਕਈ ਗੁਰੂ ਦੇ ਪਿਆਰੇ ਸ਼ਰਧਾਵਸ ਹੋ ਕੇ ਅਪਣੇ ਵੱਲੋਂ ਗੁਰਬਾਣੀ ਵਿਚ ਕੁਝ ਤੁਕਾਂ ਜਾਂ ਲਫਜ਼ ਜੋੜ ਕੇ ਗਾਉਂਦੇ ਹਨ ਜਾਂ ਬਾਣੀ ਤੋਂ ਬਾਹਰਲੀਆਂ ਧਾਰਣਾਂ ਲਾ ਕੇ ਕੀਰਤਨ ਕਰਦੇ ਹਨ, ਜੋ ਕਿ ਅਯੋਗ ਹੈ। ਉਹਨਾਂ ਪ੍ਰਤੀ ਬੇਨਤੀ ਹੈ ਕਿ ਸ਼ਬਦ ਵਿਚੋਂ ਹੀ ਤੁਕਾਂ ਲੈ ਕੇ ਗੁਰਬਾਣੀ ਦਾ ਕੀਰਤਨ ਗਾਇਨ ਕਰਨ। ਸਾਨੂੰ ਇਹ ਸਿੱਖਿਆ ਇਸ ਸ਼ਬਦ ਤੋਂ ਦ੍ਰਿੜ੍ਹ ਹੁੰਦੀ ਹੈ।**

***

14. ਆਸਾ ਸੇਖ ਫਰੀਦ ਜੀਉ ਕੀ ਬਾਣੀ (ਪੰਨਾ-488)

ਦਿਲਹੁ ਮੁਹਬਤਿ ਜਿੰਨ੍, ਸੇਈ ਸਚਿਆ ॥
ਜਿਨ੍ ਮਨਿ ਹੋਰੁ, ਮੁਖਿ ਹੋਰੁ, ਸਿ ਕਾਂਢੇ ਕਚਿਆ ॥1॥
ਰਤੇ ਇਸਕ ਖੁਦਾਇ, ਰੰਗਿ ਦੀਦਾਰ ਕੇ ॥
ਵਿਸਰਿਆ ਜਿਨ੍ ਨਾਮੁ, ਤੇ ਭੁਇ ਭਾਰੁ ਥੀਏ ॥1॥ ਰਹਾਉ ॥
ਆਪਿ, ਲੀਏ ਲੜਿ ਲਾਇ, ਦਰਿ ਦਰਵੇਸ, ਸੇ ॥
ਤਿਨ ਧੰਨੁ ਜਣੇਦੀ ਮਾਉ, ਆਏ ਸਫਲੁ ਸੇ ॥2॥
ਪਰਵਦਗਾਰ ਅਪਾਰ, ਅਗਮ ਬੇਅੰਤ ਤੂ ॥ ਜਿਨਾ ਪਛਾਤਾ ਸਚੁ, ਚੁੰਮਾ ਪੈਰ, ਮੂੰ ॥3॥
ਤੇਰੀ ਪਨਹ ਖੁਦਾਇ, ਤੂ ਬਖਸੰਦਗੀ ॥ ਸੇਖ ਫਰੀਦੈ, ਖੈਰੁ ਦੀਜੈ, ਬੰਦਗੀ ॥4॥1॥

ਉਚਾਰਨ ਸੇਧਾਂ:-ਦਿਲਹੁ-ਦਿਲਹੁੰ, ਇਸਕ-ਇਸ਼ਕ, ਖੁਦਾਇ-ਖ਼ੁਦਾਇ, ਭੁਇ-ਭੁਇਂ, ਦਰਵੇਸ-ਦਰਵੇਸ਼, ਜਣੇਦੀ-ਜਣੇਂਦੀ, ਮਾਉ-ਮਾਉਂ, ਅਗਮ-ਅਗੰਮ, ਤੂ-ਤੂੰ, ਬਖਸੰਦਗੀ-ਬਖਸੰਦਗੀ, ਸੇਖ-ਸੇਖ਼, ਤੂ-ਤੂੰ।

ਪਦ ਅਰਥ :- ਮੁਹਬਤਿ-ਪਿਆਰ, ਮੁਖਿ-ਮੂੰਹ ਵਿਚ,ਜ਼ਬਾਨ ਤੇ, ਕਾਂਢੇ -ਕਹੇ ਜਾਂਦੇ ਹਨ, ਇਸ਼ਕ ਖੁਦਾਇ-ਪ੍ਰਮਾਤਮਾ ਦੇ ਨਾਲ ਪਿਆਰ, ਭੁਇ-ਧਰਤੀ, ਦਰਵੇਸ਼-ਫਕੀਰ, ਪਰਵਦਗਾਰ-ਪਾਲਣਹਾਰ, ਅਪਾਰ-ਸਮਝ ਤੋਂ ਪਰ੍ਹੇ, ਅਗਮ- ਪਹੁੰਚ ਤੋ ਪਰ੍ਹੇ, ਪਨਹ-ਸ਼ਰਨ, ਚੁੰਮਾ ਪੈਰ ਮੂੰ-ਮੈਂ ਪੈਰ ਚੁੰਮਦਾ ਹਾਂ, ਬਖਸੰਦਗੀ-ਬਖਸ਼ਣ ਵਾਲਾ, ਖੈਰ-ਭਿਖਿਆ।

ਭੂਮਿਕਾ:- ਇਸ ਸ਼ਬਦ ਰਾਹੀਂ ਮਨੁੱਖ ਨੂੰ ਇਕ ਸਫਲ ਜੀਵਨ ਬਣਾਉਣ ਲਈ ਪ੍ਰੇਰਣਾ ਕਰਦੇ ਹੋਏ ਬਾਬਾ ਫ਼ਰੀਦ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਦਾ ਪ੍ਰਭੂ ਨਾਲ ਸੱਚਾ

ਪਿਆਰ ਨਹੀਂ ਪਿਆ, ਉਨ੍ਹਾਂ ਦਾ ਜੀਵਨ ਵਿਅਰਥ ਹੈ। ਜਿਨ੍ਹਾਂ ਨੇ ਪ੍ਰਭੂ ਨਾਲ ਪਿਆਰ ਪਾ ਲਿਆ ਹੈ, ਉਨ੍ਹਾਂ ਦੀ ਸੰਗਤ ਮੰਗਦਾ ਹਾਂ ਜਿਸ ਸਦਕਾ ਪ੍ਰਭੂ ਨਾਲ ਸੱਚਾ ਪਿਆਰ ਪੈਂਦਾ ਹੈ।

ਭਾਵ ਅਰਥ:- ਜਿਨ੍ਹਾਂ ਨੂੰ ਰੱਬ ਨਾਲ ਦਿਲੋਂ ਪਿਆਰ ਹੈ ਉਹ ਹੀ ਸੱਚੇ ਹਨ। ਪਰ ਜਿਨ੍ਹਾਂ ਦੇ ਮਨ ਵਿਚ ਕੁਝ ਹੋਰ ਹੈ ਤੇ ਮੂੰਹ ਵਿਚ ਕੁਝ ਹੋਰ ਹੋਵੇ ਉਹ ਕੱਚੇ ਅਤੇ ਝੂਠੇ ਹੀ ਗਿਣੇ ਜਾਂਦੇ ਹਨ।1।

ਸੱਚੇ ਮਨੁੱਖ ਵਾਹਿਗੁਰੂ ਜੀ ਦੇ ਪਿਆਰ ਨਾਲ ਇਤਨੇ ਭਰੇ ਹਨ ਕਿ ਉਨ੍ਹਾਂ ਨੂੰ ਹਰ ਥਾਂ, ਹਰ ਕਿਸੇ ਵਿਚ ਵਾਹਿਗੁਰੂ ਜੀ ਹੀ ਨਜ਼ਰ ਆਉਂਦੇ ਹਨ, ਪਰ ਜਿਨ੍ਹਾਂ ਨੂੰ ਐਸਾ ਪਿਆਰ ਹੀ ਭੁੱਲ ਜਾਏ, ਉਹ ਮਨੁੱਖ ਧਰਤੀ ਤੇ ਭਾਰ ਹਨ। ਰਹਾਉ।

ਵਾਹਿਗੁਰੂ ਜੀ ਦੇ ਦਰ ਤੇ ਵਾਹਿਗੁਰੂ ਜੀ ਦੇ ਨਜ਼ਦੀਕ ਖੜੇ ਉਹ ਹੀ ਮਨੁੱਖ ਹਨ ਜਿਨ੍ਹਾਂ ਨੂੰ ਵਾਹਿਗੁਰੂ ਜੀ ਨੇ ਆਪ ਕਿਰਪਾ ਕਰਕੇ ਆਪਣੇ ਪਿਆਰ ਵਿਚ ਲਾ ਲਿਆ ਹੈ। ਉਨ੍ਹਾਂ ਨੂੰ ਜਨਮ ਦੇਣ ਵਾਲੀ ਮਾਂ ਧੰਨ ਹੈ ਅਤੇ ਉਨ੍ਹਾਂ ਦਾ ਸੰਸਾਰ ਤੇ ਆਉਣਾ ਸਫਲ ਹੈ।2।

ਹੇ ਸਭ ਜੀਵਾਂ ਨੂੰ ਪਾਲਣ ਵਾਲੇ ਵਾਹਿਗੁਰੂ ਜੀਓ! ਆਪ ਜੀ ਤੱਕ ਕਿਸੇ ਦੀ ਵੀ ਪਹੁੰਚ ਨਹੀਂ ਹੈ। ਆਪ ਜੀ ਦਾ ਅੰਤ ਕੋਈ ਨਹੀਂ ਪਾ ਸਕਦਾ। ਜਿਨ੍ਹਾਂ ਮਨੁੱਖਾਂ ਨੇ ਉਸ ਸਦਾ ਸੱਚ ਅਤੇ ਸਥਿਰ ਰਹਿਣ ਵਾਲੇ ਵਾਹਿਗੁਰੂ ਜੀ ਨੂੰ ਪਹਿਚਾਣ ਲਿਆ ਹੈ। ਮੈਂ ਉਨ੍ਹਾਂ ਮਨੁੱਖਾਂ ਦੇ ਪੈਰ ਚੁੰਮਣਾ ਆਪਣੇ ਵੱਡੇ ਭਾਗ ਸਮਝਦਾ ਹਾਂ।3।

ਸ਼ੇਖ ਫਰੀਦ ਜੀ ਉਸ ਖੁਦਾ ਅੱਗੇ, ਵਾਹਿਗੁਰੂ ਜੀ ਅੱਗੇ ਬੇਨਤੀ ਕਰਦੇ ਹਨ ਕਿ ਮੈਂ ਆਪ ਜੀ ਦੀ ਸ਼ਰਣ ਵਿਚ ਆਇਆ ਹਾਂ। ਕਿਰਪਾ ਕਰਕੇ ਮੇਰੀ ਝੋਲੀ ਵਿਚ ਆਪਣੀ ਭਗਤੀ ਅਤੇ ਬੰਦਗੀ ਦੀ ਖ਼ੈਰ ਪਾ ਦਿਉ।4।

ਸਾਰੰਸ਼:- ਸ਼ੇਖ ਫਰੀਦ ਜੀ ਉਪਰੋਕਤ ਸ਼ਬਦ ਵਿਚ ਪਰਮੇਸ਼ਰ ਦੇ ਪ੍ਰੇਮ ਵਿਚ ਰੰਗੇ ਹੋਏ ਅਤੇ ਪਰਮੇਸ਼ਰ ਤੋਂ ਭੁੱਲੇ ਹੋਏ ਮਨੁੱਖਾਂ ਦਾ ਜ਼ਿਕਰ ਕਰਦੇ ਹਨ। ਆਪ ਜੀ ਅਨੁਸਾਰ ਜਿਨ੍ਹਾਂ ਮਨੁੱਖਾਂ ਨੂੰ ਸਚਮੁੱਚ ਹੀ ਵਾਹਿਗੁਰੂ ਨਾਲ ਹਰ ਪਲ ਦਾ ਇਸ਼ਕ ਹੈ ਉਹੀ ਸੱਚੇ ਹਨ ਪਰ ਜੋ ਉਤੋਂ ਪਿਆਰ ਦਾ ਅਤੇ ਗੁਰਮੁਖ ਹੋਣ ਦਾ ਪਾਖੰਡ ਕਰਦੇ ਹਨ ਤੇ ਅੰਦਰੋਂ ਉਸ ਦੀ ਮਰਿਯਾਦਾ ਅਤੇ ਹੁਕਮ ਨੂੰ ਤੋੜਦੇ ਵੀ ਹਨ। ਅਖੀਰ ਉਹ ਕੱਚੇ ਆਸ਼ਕ ਹੀ ਕਹੇ ਜਾਂਦੇ ਹਨ। ਉਨ੍ਹਾਂ ਦਾ ਪਿਆਰ ਵੀ ਉਨ੍ਹਾਂ ਦੇ ਜੀਵਨ ਵਰਗਾ ਝੂਠਾ ਹੁੰਦਾ ਹੈ ਪਰ ਜਿਨ੍ਹਾਂ ਨੇ ਵਾਹਿਗੁਰੂ ਜੀ ਨੂੰ ਹਰ ਥਾਂ ਵਸਦਾ ਜਾਣ ਕੇ ਹਰ ਕਿਸੇ ਵਿਚੋਂ ਉਸ ਦਾ ਦਰਸ਼ਨ ਕਰਨਾ ਸਿੱਖ ਲਿਆ ਹੈ। ਉਨ੍ਹਾਂ ਤੋਂ ਸ਼ੇਖ ਫਰੀਦ ਜੀ ਕੁਰਬਾਨ ਜਾਂਦੇ ਹਨ ਤੇ ਵਾਹਿਗੁਰੂ ਜੀ ਤੋਂ ਆਪਣੀ ਭਗਤੀ ਦੀ ਖ਼ੈਰ ਮੰਗਦੇ ਹਨ।

***

15. ਹਉ, ਤਿਸੁ ਘੋਲਿ ਘੁਮਾਇਆ

ਹਉ, ਤਿਸੁ ਘੋਲਿ ਘੁਮਾਇਆ, ਗੁਰਮਤਿ ਰਿਦੈ ਗਰੀਬੀ ਆਵੈ॥
ਹਉ, ਤਿਸੁ ਘੋਲਿ ਘੁਮਾਇਆ, ਪਰ ਨਾਰੀ ਦੈ ਨੇੜਿ ਨ ਆਵੈ॥
ਹਉ, ਤਿਸੁ ਘਲਿ ਘੁਮਾਇਆ, ਪਰ ਦਰਬੈ ਨੋ ਹਥੁ ਨ ਲਾਵੈ॥

ਹਉ, ਤਿਸੁ ਘੋਲਿ ਘੁਮਾਇਆ, ਪਰ ਨਿੰਦਾ ਸੁਣ ਆਪੁ ਹਟਾਵੈ॥
ਹਉ, ਤਿਸੁ ਘੋਲਿ ਘੁਮਾਇਆ, ਸਤਿਗੁਰ ਦਾ ਉਪਦੇਸ ਕਮਾਵੈ॥
ਹਉ, ਤਿਸੁ ਘੋਲਿ ਘੁਮਾਇਆ, ਥੋੜਾ ਸਵੈਂ ਥੋੜਾ ਹੀ ਖਾਵੈ॥
ਗੁਰਮੁਖਿ ਸੋਈ, ਸਹਜਿ ਸਮਾਵੈ॥ (ਵਾਰ 12 , ਪਉੜੀ 4, ਭਾਈ ਗੁਰਦਾਸ ਜੀ)

ਉਚਾਰਨ ਸੇਧਾਂ:-ਹਉ-ਹਉਂ, ਉਪਦੇਸ-ਉਪਦੇਸ਼, ਸਵੈ-ਸਵੈਂ।

ਪਦ ਅਰਥ:-ਗੁਰਮਤਿ-ਗੁਰੂ ਦੀ ਮਤ ਅਨੁਸਾਰ, ਘੋਲਿ ਘੁਮਾਇਆ-ਸਦਕੇ ਗਿਆ, ਪਰ ਨਾਰੀ-ਦੂਸਰੀ ਔਰਤ, ਪਰ ਦਰਬੈ-ਕਿਸੇ ਦੂਜੇ ਦਾ ਧਨ, ਗੁਰਮੁਖਿ-ਜਿਸ ਦਾ ਮੂੰਹ ਗੁਰੂ ਵਲ ਹੋਵੇ ਜੋ ਗੁਰੂ ਮਤ ਅਨੁਸਾਰ ਚੱਲੇ।

ਭੂਮਿਕਾ:-ਉਪਰੋਕਤ ਪਉੜੀ ਵਿਚ ਭਾਈ ਗੁਰਦਾਸ ਜੀ ਮਨੁੱਖ ਦੇ ਸਮੁੱਚੇ ਆਚਰਣ ਦਾ ਨਮੂਨਾ ਪੇਸ਼ ਕਰਦੇ ਹਨ। ਆਪ ਜੀ ਜਿਥੇ ਇਨਸਾਨ ਨੂੰ ਉਪਰੋਕਤ ਆਚਰਣ ਦਾ ਧਾਰਣੀ ਦੇਖਣਾ ਚਾਹੁੰਦੇ ਹਨ, ਉਥੇ ਉਸੇ ਆਚਰਣ ਦੇ ਧਾਰਨੀਆਂ ਤੋਂ ਸਦਕੇ ਵੀ ਜਾਂਦੇ ਹਨ।

ਭਾਵ ਅਰਥ:- ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਕਿ ਮੈਂ ਉਸ ਤੋਂ ਸਦਕੇ ਜਾਂਦਾ ਹਾਂ, ਜਿਸ ਦੇ ਹਿਰਦੇ ਵਿਚ ਗੁਰੂ ਦੀ ਮੱਤ ਲੈਣ ਕਰਕੇ ਨਿਮਰਤਾ ਆ ਗਈ ਹੋਵੇ, ਜੋ ਖੁੱਦ ਨੂੰ ਸਭਨਾਂ ਤੋਂ ਨੀਵਾਂ ਸਮਝ ਕੇ ਹੰਕਾਰ ਰਹਿਤ ਹੋ ਜਾਵੇ। ਜੋ ਕਿਸੇ ਦੂਜੀ ਇਸਤ੍ਰੀ ਵੱਲ ਗਲਤ ਨਜ਼ਰ ਨਾਲ ਨਾ ਦੇਖੇ। ਜੋ ਕਿਸੇ ਦੂਜੇ ਦੇ ਧਨ ਮਾਲ ਨੂੰ ਵਰਤਣਾ, ਤਾਂ ਇਕ ਪਾਸੇ ਸਗੋਂ ਹੱਥ ਵੀ ਨਾ ਲਾਵੇ। ਜੋ ਕਿਸੇ ਦੂਜੇ ਦੀ ਨਿੰਦਾ ਸੁਣਨ ਤੋਂ ਆਪਣੇ ਆਪ ਨੂੰ ਪਾਸੇ ਕਰ ਲਵੇ ਭਾਵ ਕਿਸੇ ਦੇ ਵੀ ਔਗੁਣ ਨਾ ਚਿਤਾਰਦਾ ਹੋਵੇ। ਜੋ ਆਪਣੇ ਪੂਰੇ ਗੁਰੂ ਦੇ ਉਪਦੇਸ਼ ਉੱਤੇ ਚਲਦਾ ਹੋਵੇ ਅਤੇ ਸਦਾ ਹੀ ਚਲਣ ਦੀ ਕੋਸ਼ਿਸ਼ ਵਿਚ ਰਹੇ। ਜੋ ਲੋੜ ਜੋਗਾ ਆਰਾਮ ਕਰੇ ਅਤੇ ਲੋੜ ਜੋਗਾ ਹੀ ਖਾਵੇ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਕਿ, ਐਸਾ ਮਨੁੱਖ ਹੀ ਸਹਿਜ ਦੀ ਪ੍ਰਾਪਤੀ ਕਰਦਾ ਹੈ ਭਾਵ ਸੁਚੱਜਾ ਜੀਵਨ ਜੀ ਕੇ ਅੰਦਰ ਵਸੇ ਵਾਹਿਗੁਰੂ ਜੀ ਦੀ ਪਹਿਚਾਣ ਕਰਦਾ ਹੈ।

ਸਾਰੰਸ਼:- ਉਪਰੋਕਤ ਪਉੜੀ ਅਨੁਸਾਰ ਮਨੁੱਖ ਦਾ ਜੀਵਨ ਇਤਨਾ ਉੱਚਾ-ਸੁੱਚਾ ਹੋਣਾ ਚਾਹੀਦਾ ਹੈ ਕਿ ਦੁਸ਼ਮਣ ਵੀ ਖੋਟ ਨਾ ਕੱਢ ਸਕੇ। ਕੁਦਰਤੀ ਅਤੇ ਸੁਚੱਜੇ ਆਚਰਣ ਭਰੇ ਜੀਵਨ ਨਾਲ ਹੀ ਮਨੁੱਖਾ ਜੀਵਨ ਦਾ ਅਸਲ ਮਨੋਰਥ ਭਾਵ ਸਹਿਜ ਮਿਲ ਸਕਦਾ ਹੈ।

***

16. ਮਹਲਾ 5 ॥ (ਪੰਨਾ-487)

ਗੋਬਿੰਦ ਗੋਬਿੰਦ ਗੋਬਿੰਦ ਸੰਗਿ, ਨਾਮਦੇਉ ਮਨੁ ਲੀਣਾ ॥
ਆਢ ਦਾਮ ਕੋ ਛੀਪਰੋ, ਹੋਇਓ ਲਾਖੀਣਾ ॥ 1 ॥ ਰਹਾਉ ॥

ਬੁਨਨਾ ਤਨਨਾ ਤਿਆਗਿ ਕੈ, ਪ੍ਰੀਤਿ ਚਰਨ, ਕਬੀਰਾ ॥
ਨੀਚ ਕੁਲਾ ਜੋਲਾਹਰਾ, ਭਇਓ ਗੁਨੀਅ ਗਹੀਰਾ ॥ 1 ॥
ਰਵਿਦਾਸੁ ਢੁਵੰਤਾ ਢੋਰ ਨੀਤਿ, ਤਿਨਿ ਤਿਆਗੀ ਮਾਇਆ ॥
ਪਰਗਟੁ ਹੋਆ ਸਾਧਸੰਗਿ, ਹਰਿ ਦਰਸਨੁ ਪਾਇਆ ॥ 2 ॥
ਸੈਨੁ ਨਾਈ ਬੁਤਕਾਰੀਆ, ਓਹੁ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮੁ, ਭਗਤਾ ਮਹਿ ਗਨਿਆ ॥ 3 ॥
ਇਹ ਬਿਧਿ ਸੁਨਿ ਕੈ, ਜਾਟਰੋ ਉਠਿ, ਭਗਤੀ ਲਾਗਾ ॥
ਮਿਲੇ ਪ੍ਰਤਖਿ ਗੁਸਾਈਆ, ਧੰਨਾ ਵਡਭਾਗਾ ॥ 4 ॥ 2॥

ਉਚਾਰਨ ਸੇਧਾਂ:- ਭਗਤਾ-ਭਗਤਾਂ, ਗੁਸਾਈਆ-ਗੁਸਾਈਆਂ।

ਪਦ ਅਰਥ:- ਲੀਣਾ-ਲੀਨ ਹੋ ਗਿਆ, ਆਢ ਦਾਮ ਕੋ-ਅੱਧੀ ਕੌਡੀ ਦਾ, ਛੀਪਰੋ-ਛੀਂਬਾ, ਲਾਖੀਣਾ-ਲੱਖਾਂ ਦਾ, ਕੁਲਾ-ਕੁੱਲ ਦਾ, ਜੋਲਾਹਰਾ-ਜੁਲਾਹਾ, ਗਹੀਰਾ-ਡੂੰਘਾ, ਗੁਨੀਅ-ਗੁਣਾਂ ਦਾ, ਜਾਟਰੋ-ਜੱਟ।

ਭੂਮਿਕਾ :- ਗੁਰੂ ਗ੍ਰੰਥ ਸਾਹਿਬ ਜੀ ਦੇ 486 ਪੰਨੇ ਤੇ ਆਸਾ ਬਾਣੀ ਭਗਤ ਧੰਨਾ ਜੀ ਦੇ ਸ਼ਬਦ ਦੀਆਂ ਅਖੀਰਲੀਆਂ ਪੰਕਤੀਆਂ ਵਿਚ ਭਗਤ ਜੀ ਕਹਿ ਰਹੇ ਹਨ ਕਿ ਮੈਂ ਵਾਹਿਗੁਰੂ ਜੀ ਨੂੰ ਭਗਤਾਂ ਦੀ ਸਤਸੰਗਤ ਵਿਚੋਂ ਪ੍ਰਾਪਤ ਕੀਤਾ ਹੈ। ਆਪ ਜੀ ਦਾ ਕਥਨ ਹੈ:-

"**ਧੰਨੈ ਧਨੁ ਪਾਇਆ ਧਰਣੀਧਰੁ, ਮਿਲਿ ਜਨ ਸੰਤ ਸਮਾਨਿਆ**"

ਦੀ ਪ੍ਰੋੜਤਾ ਦੇ ਫਲਸਰੂਪ ਗੁਰੂ ਅਰਜਨ ਸਾਹਿਬ ਜੀ ਨੇ ਇਹ ਸ਼ਬਦ ਹੀ ਉਚਾਰਿਆ ਹੈ ਤਾਂ ਕਿ ਭਗਤ ਧੰਨਾ ਜੀ ਦੇ ਪੱਥਰ ਦੀ ਪੂਜਾ ਕਰਕੇ ਪਰਮਾਤਮਾ ਨੂੰ ਪਾਉਣ ਦੀ ਕਹਾਣੀ ਦੀ ਅਸਲੀਅਤ ਬਾਰੇ ਗੁਰਮਤਿ ਵਿਚਾਰ ਦਿੱਤੇ ਜਾ ਸਕਣ। ਆਪ ਜੀ ਨੇ ਭਗਤ ਧੰਨਾ ਜੀ ਦੇ ਹੀ ਬਚਨ ਵਿਚੋਂ ਉਨ੍ਹਾਂ ਦੇ ਹੀ ਜੀਵਨ ਦਰਸ਼ਨ ਨੂੰ ਜਗਤ ਸਾਹਮਣੇ ਰੱਖ ਕੇ ਕਿਸੇ ਕਿਸਮ ਦੀ ਕੋਈ ਸ਼ੰਕਾ ਨਹੀਂ ਰਹਿਣ ਦਿੱਤੀ। ਆਪ ਜੀ ਅਨੁਸਾਰ, ਭਗਤ ਧੰਨਾ ਜੀ ਨੇ ਭਗਤਾਂ ਦੇ ਜੀਵਨ ਬਾਰੇ ਸੁਣ ਕੇ ਅਤੇ ਉਨ੍ਹਾਂ ਦੇ ਭਗਤੀ ਦੇ ਰਾਹ ਤੇ ਤੁਰਨ ਦੇ ਢੰਗ ਸੰਬੰਧੀ ਸੁਣ ਕੇ ਉਹੀ ਰਾਹ ਆਪਣਾਉਂਦਿਆਂ ਪਰਮਾਤਮਾ ਦੀ ਪਹਿਚਾਣ ਪਾਈ, ਨਾ ਕਿ ਕਿਸੇ ਕਿਸਮ ਦੀ ਪੱਥਰ ਪੂਜਾ ਵਿਚੋਂ।

ਭਾਵ ਅਰਥ:- ਇਸ ਸ਼ਬਦ ਵਿਚ ਗੁਰੂ ਸਾਹਿਬ ਜੀ ਫੁਰਮਾਉਂਦੇ ਹਨ ਕਿ ਨਾਮਦੇਵ ਜੀ ਜੋ ਕਿ ਗਰੀਬ ਸਨ। ਨੀਵੀਂ ਜਾਤ ਦੇ ਸਨ। ਆਪਣਾ ਛੀਂਬੇ ਦਾ ਕੰਮ ਕਰਦੇ ਹੋਏ ਵੀ ਜਦੋਂ ਉਹਨਾਂ ਨੇ ਪ੍ਰਭੂ ਦੇ ਨਾਲ ਪਿਆਰ ਕੀਤਾ ਤਾਂ ਇਸ ਪਿਆਰ ਸਦਕਾ, ਭਗਤੀ ਸਦਕਾ ਵੱਡੇ ਵੱਡੇ ਰਾਜੇ ਵੀ ਆ ਕੇ ਨਾਮਦੇਵ ਜੀ ਦੇ ਚਰਨਾਂ ਉੱਤੇ ਢਹਿ ਪਏ। ਸੋ ਭਗਤ ਨਾਮਦੇਵ ਜੀ ਜੋ ਕਿ ਅਤਿ ਦੇ ਗਰੀਬ ਸਨ, ਉਹ ਆਮ ਸੰਸਾਰੀ ਲੋਕਾਂ ਤੋਂ ਵੀ ਅਮੀਰ ਹੋ ਗਏ। ਭਗਤ ਕਬੀਰ ਜੀ ਨੇ ਆਪਣੀ ਬਿਰਤੀ, ਕੰਮ ਕਾਜ ਕਰਦਿਆਂ ਹੋਇਆਂ ਵੀ ਪ੍ਰਭੂ ਦੇ ਚਰਨਾਂ ਨਾਲ ਲਾਈ ਰੱਖੀ ਤਾਂ ਇਸ ਤਰ੍ਹਾਂ ਜੁਲਾਹੇ ਦਾ ਨੀਵਾਂ ਕੰਮ ਕਰਨ ਵਾਲੇ ਕਬੀਰ ਜੀ

ਪ੍ਰਭੂ ਦੇ ਭਗਤ ਬਣ ਗਏ ਤੇ ਗੁਣਾਂ ਦੇ ਖਜ਼ਾਨੇ ਹੋ ਨਿਬੜੇ। ਨੀਵੀਂ ਜਾਤ ਦਾ ਰਵਿਦਾਸ ਚਮਿਆਰ, ਜੋ ਕਿ ਮਰੇ ਹੋਏ ਪਸ਼ੂ ਢੋਂਦਾ ਸੀ, ਉਸ ਨੇ ਸੰਸਾਰ ਦੀ ਮਾਇਆ ਦੀ ਖਿੱਚ ਤਿਆਗ ਕੇ ਭਾਵ ਆਪਣਾ ਚਿੱਤ ਪ੍ਰਭੂ ਪ੍ਰੀਤ ਵਿਚ ਲਗਾ ਕੇ ਤੇ ਸਾਧ ਸੰਗ ਵਿਚ ਜੁੜਨ ਕਰਕੇ ਸੰਸਾਰ ਵਿਚ ਮਸ਼ਹੂਰ ਹੋ ਗਿਆ ਤੇ ਉਨ੍ਹਾਂ ਨੂੰ ਪ੍ਰਭੂ ਦਾ ਗਿਆਨ ਪ੍ਰਾਪਤ ਹੋ ਗਿਆ। ਸੈਣ ਨਾਈ ਜੋ ਕਿ ਲੋਕਾਂ ਦੀ ਵਗਾਰ ਕਰਦਾ ਸੀ, ਪ੍ਰਭੂ ਭਗਤੀ ਸਦਕਾ ਹਰ ਥਾਂ ਪ੍ਰਗਟ ਹੋ ਗਿਆ। ਪਰਮਾਤਮਾ ਉਸਦੇ ਹਿਰਦੇ ਵਿਚ ਵਸ ਗਿਆ ਅਤੇ ਉਹ ਸ਼੍ਰੋਮਣੀ ਭਗਤਾਂ ਵਿਚ ਗਿਣਿਆ ਜਾਣ ਲੱਗ ਪਇਆ। ਇਸ ਤਰ੍ਹਾਂ ਇਨ੍ਹਾਂ ਭਗਤਾਂ ਦੇ ਭਗਤੀ ਦੇ ਤਰੀਕੇ ਸੁਣ ਕੇ ਇਨ੍ਹਾਂ ਦੇ ਭਗਤੀ ਕਰਨ ਦੇ ਢੰਗ, ਤਰੀਕੇ ਸਮਝ ਕੇ ਭਗਤ ਧੰਨਾ ਜੀ ਵੀ ਵੱਡੇ ਭਾਗਾਂ ਸਦਕਾ ਭਗਤੀ ਕਰਨ ਲੱਗ ਪਏ। ਇਸ ਤਰ੍ਹਾਂ ਉਨ੍ਹਾਂ ਇਨ੍ਹਾਂ ਸਤਸੰਗੀਆਂ ਦੇ ਰਾਹ ਉੱਤੇ ਤੁਰਨ ਕਰਕੇ ਪ੍ਰਭੂ ਨੂੰ ਅੰਗ ਸੰਗ ਸਮਝ ਲਿਆ।

ਸਾਰੰਸ਼:– ਉਪਰੋਕਤ ਸ਼ਬਦ ਅਨੁਸਾਰ ਪ੍ਰਭੂ ਪ੍ਰਾਪਤੀ ਦਾ ਸਾਧਨ ਕੇਵਲ ਤੇ ਕੇਵਲ ਸਤਸੰਗਤ ਹੀ ਹੈ। ਹੋਰ ਕੋਈ ਸਾਧਨ ਗੁਰਮਤਿ ਨੇ ਪ੍ਰਵਾਨ ਨਹੀਂ ਕੀਤਾ।

***

ਜੀਵਨ ਵਿਕਾਸ

17. ਤਣਾਓ ਉੱਤੇ ਕਾਬੂ

ਕਾਰਣ: ਅਜੋਕੇ ਯੁੱਗ 'ਚ ਜੀਵਨ ਦੀ ਗਤੀ ਤੇਜ਼ ਹੁੰਦੀ ਜਾ ਰਹੀ ਹੈ। ਇਕ ਦੂਜੇ ਨਾਲੋਂ ਅੱਗੇ ਲੰਘਣ ਅਤੇ ਧਨ ਇਕੱਠਾ ਕਰਨ ਲਈ ਦੌੜ ਲੱਗੀ ਹੋਈ ਹੈ। ਇਸ ਕੰਮ ਲਈ ਚੰਗੇ ਤੇ ਮਾੜੇ ਢੰਗ ਤਰੀਕੇ ਵਰਤੇ ਜਾਂਦੇ ਹਨ। ਫਲਸਰੂਪ ਸਾਡੇ 'ਚ ਤਣਾਓ ਪੈਦਾ ਹੁੰਦਾ ਹੈ, ਖੂਨ ਦਾ ਦਬਾਓ ਵੱਧਦਾ ਹੈ, ਅਤੇ ਚਿੰਤਾਵਾਂ ਉਭਰਦੀਆਂ ਹਨ। ਚਿੰਤਾਵਾਂ ਮਨੁੱਖ ਨੂੰ ਮੁੱਢਕਾਲ ਤੋਂ ਹੀ ਰਹੀਆਂ ਹਨ। ਪਰ ਅੱਜ ਇਨ੍ਹਾਂ 'ਚ ਬਹੁਤ ਵਾਧਾ ਹੋ ਰਿਹਾ ਹੈ। ਚਿੰਤਾ ਚਿਖਾ ਸਾਮਾਨ ਹੈ ਜੋ ਮਨੁੱਖ ਨੂੰ ਸਾੜ ਕੇ ਰੱਖ ਦਿੰਦੀ ਹੈ।

ਅਜੋਕੀ ਜੀਵਨ ਸੋਚ ਤੇ ਧਨ ਲਈ ਅੰਨ੍ਹੀ ਦੌੜ ਨੇ ਮਨੁੱਖ ਨੂੰ ਜੀਵਨ ਦੀਆਂ ਅਧਿਆਤਮਕ ਕਦਰਾਂ ਕੀਮਤਾਂ ਤੋ ਦੂਰ ਕਰ ਦਿੱਤਾ ਹੈ ਅਤੇ ਉਹ ਹੋਰ ਦੂਰ ਹੰਦਾ ਹੈ। ਸਦਾਚਾਰ, ਨੇਕੀ, ਸਚਾਈ, ਨਿਮਰਤਾ, ਸੇਵਾ-ਭਾਵ, ਕਿਰਤ ਕਮਾਈ, ਵੰਡ-ਛਕਣਾ ਅਤੇ ਪਰਮਾਤਮਾ ਦਾ ਭੈਅ, ਇਹ ਗੁਣ ਅੱਜ ਅਲੋਪ ਹੁੰਦੇ ਜਾ ਰਹੇ ਹਨ। ਇਕ ਵੱਡੇ ਪਰਿਵਾਰ ਦੀ ਪ੍ਰੰਪਰਾ ਖਤਮ ਹੋ ਕੇ, ਛੋਟੇ ਪਰਿਵਾਰਾਂ ਦੀ ਸੋਚ ਆ ਚੁੱਕੀ ਹੈ ਅਤੇ ਦੋ ਬੱਚਿਆਂ ਦੇ ਆਲੇ ਦੁਆਲੇ ਮਾਪੇ ਘੁੰਮਦੇ ਹਨ। ਘਰਾਂ ਵਿਚ ਲੜਕੇ ਨੂੰ ਜ਼ਿਆਦਾ ਲਾਡ ਦਿੱਤਾ ਜਾਂਦਾ ਹੈ, ਜਿਸ ਨਾਲ ਲੜਕਿਆਂ ਦੀਆਂ ਆਦਤਾਂ 'ਚ ਜ਼ਿਆਦਾ ਵਿਗਾੜ ਆ ਰਿਹਾ ਹੈ। ਜਿੰਦਗੀ ਦੀ ਤੇਜ਼ ਦੌੜ 'ਚ ਮਾਪਿਆਂ ਪਾਸ ਬੱਚਿਆਂ ਕੋਲ ਬੈਠਣ ਦਾ ਸਮਾਂ ਬਹੁਤ ਘੱਟ ਹੈ। ਫਲਸਰੂਪ ਬੱਚੇ ਕਈ ਵਾਰ ਭੈੜੀ ਸੰਗਤ 'ਚ ਪੈ ਕੇ ਪੜ੍ਹਾਈ ਤੋਂ ਨਕਾਰਾ ਹੋ ਜਾਂਦੇ ਹਨ ਅਤੇ ਸਮਾਜ ਵਿਰੋਧੀ ਕੰਮਾਂ 'ਚ ਰੁਝ ਜਾਂਦੇ ਹਨ। ਵਿਗੜੇ ਹੋਏ ਬੱਚੇ ਮਾਪਿਆਂ

ਲਈ ਤਣਾਓ , ਚਿੰਤਾ ਤੇ ਉਦਾਸੀ ਪੈਦਾ ਕਰਦੇ ਹਨ।

ਬੇਰੁਜ਼ਗਾਰੀ, ਨੌਕਰੀ ਜਾਂ ਕਾਰੋਬਾਰ 'ਚ ਮੁਸ਼ਕਲਾਂ ਅਤੇ ਸਮਾਜ'ਚ ਸਮਾਜ-ਵਿਰੋਧੀ ਅਨਸਰਾਂ ਨਾਲ ਟਕਰਾਓ ਵੀ ਤਣਾਓ ਪੈਦਾ ਕਰਦੇ ਹਨ। ਜੋ ਮਸਲੇ ਚੰਗੇਰੇ ਤੇ ਨਰੋਏ ਸਮਾਜ ਦੀ ਉਸਾਰੀ ਰਾਹੀਂ ਹੱਲ ਕੀਤੇ ਜਾ ਸਕਦੇ ਹਨ, ਉਨ੍ਹਾਂ ਦੇ ਲੱਛਣ ਇਸ ਪ੍ਰਕਾਰ ਹਨ :

ਲੱਛਣ : ਚਿੰਤਾ 'ਚ ਘਿਰਿਆ ਮਨੁੱਖ ਭਟਕਦਾ ਹੈ। ਉਸ 'ਚ ਕੰਮ ਕਰਨ ਦੀ ਸ਼ਕਤੀ ਘਟਦੀ ਹੈ, ਉਸ ਦਾ ਸੁਭਾਅ ਚਿੜਚਿੜਾ ਹੋ ਜਾਂਦਾ ਹੈ। ਉਸ ਦੀ ਧਿਆਨ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ। ਉਸ ਨੂੰ ਜੀਵਨ 'ਚ ਰਸ ਨਹੀਂ ਮਿਲਦਾ ਅਤੇ ਕੋਈ ਉਸ ਨੂੰ ਸੱਜਣ ਨਹੀਂ ਦਿਸਦਾ। ਉਸਨੂੰ ਜੀਵਨ ਰੁੱਖਾ ਤੇ ਕੌੜਾ ਮਹਿਸੂਸ ਹੁੰਦਾ ਹੈ। ਉਹ ਉਦਾਸੀ ਜਾਂ ਢਾਹੂ ਰੁਚੀਆਂ 'ਚ ਫਸ ਜਾਂਦਾ ਹੈ। ਉਸ ਦੇ ਇਸ ਸੁਭਾਅ ਕਾਰਨ ਪਰਿਵਾਰ 'ਚ ਖੇੜਾ ਘੱਟ ਜਾਂਦਾ ਹੈ ਅਤੇ ਪਰਿਵਾਰ 'ਚ ਕਈ ਪ੍ਰਕਾਰ ਦੀਆਂ ਉਲਝਣਾਂ ਪੈਦਾ ਹੋ ਜਾਂਦੀਆ ਹਨ। ਵਿਅਕਤੀ ਸਮਾਜ ਨਾਲੋਂ ਟੁੱਟਿਆ ਹੋਇਆ ਮਹਿਸੂਸ ਕਰਦਾ ਹੈ। ਇਹੋ ਜਿਹੀ ਅਵਸਥਾ 'ਚ ਵਿਅਕਤੀ ਨਸ਼ਿਆਂ ਦੀ ਵਰਤੋਂ ਕਰਨੀ ਸ਼ੁਰੂ ਕਰਦਾ ਹੈ, ਜੋ ਰੋਗ ਦਾ ਪੱਕਾ ਇਲਾਜ ਨਹੀਂ। ਕਈ ਵਿਅਕਤੀ ਜਾਦੂ-ਟੂਣਿਆਂ, ਪੰਡਤਾਂ ਪਾਸੋਂ ਮੰਤਰ ਜਾਂ ਤਵੀਤ ਰਾਹੀਂ ਇਸ ਰੋਗ ਦਾ ਹੱਲ ਲੱਭਦੇ ਹਨ, ਪਰ ਇਸ ਤਰ੍ਹਾਂ ਕਰਨ ਨਾਲ ਦੁੱਖ ਦੂਰ ਨਹੀਂ ਹੁੰਦੇ। ਕਈ ਸੰਤਾਂ ਦੇ ਡੇਰਿਆਂ ਤੇ ਸ਼ਾਂਤੀ ਦੀ ਭਾਲ ਲਈ ਸ਼ਰਧਾ ਨਾਲ ਜਾਂਦੇ ਹਨ, ਜਿਥੇ ਸੰਤਾਂ ਦੇ ਬਚਨ, ਕੀਰਤਨ ਤੇ ਨਾਮ ਰਾਹੀਂ ਸੁੱਖ ਮਹਿਸੂਸ ਕਰਦੇ ਹਨ, ਪਰ ਰੋਗ ਦਾ ਪੂਰਨ ਨਾਸ ਫਿਰ ਵੀ ਨਹੀਂ ਹੁੰਦਾ। ਭਾਵੇਂ ਰੋਗ ਦਾ ਅੱਗੇ ਨਾਲੋਂ ਘੱਟ ਜਾਣ ਨਾਲ ਮਨੁੱਖ ਨੂੰ ਇਹ ਵਿਸ਼ਵਾਸ ਜ਼ਰੂਰ ਹੋ ਜਾਂਦਾ ਹੈ ਕਿ ਉਸ ਨੂੰ ਰਸਤਾ ਮਿਲ ਰਿਹਾ ਹੈ। ਪਰ ਹੌਲੀ ਹੌਲੀ ਅਜਿਹੇ ਜਾਦੂ ਟੂਣਿਆਂ ਵਾਲੇ ਜੋਤਸ਼ੀ, ਪੰਡਿਤ, ਡੇਰੇਦਾਰ ਤੇ ਸਾਧ ਆਮ ਵਿਅਕਤੀ ਦਾ ਸੋਸ਼ਣ ਕਰਨ ਲੱਗਦੇ ਹਨ ਅਤੇ ਸਵੈ-ਵਿਸ਼ਵਾਸ ਤੇ ਨਾਂਹ ਪੱਖੀ ਲੁੱਟ ਮਾਰਦੇ ਹਨ।

ਉਪਾਅ: ਤਣਾਓ ਤੋਂ ਬਚਣ ਲਈ ਕੁਝ ਸੁਝਾਓ ਇਸ ਪ੍ਰਕਾਰ ਹਨ :-

1. ਜੀਵਨ 'ਚ ਕੋਈ ਨਿਸ਼ਾਨਾ ਲੱਭੋ, ਜਿਸ ਨੂੰ ਪ੍ਰਾਪਤ ਕਰਨ ਲਈ ਲਗਾਤਾਰ ਯਤਨ ਕਰੋ।

2. ਆਪਣੇ ਕੰਮ ਨੂੰ ਪਿਆਰ ਕਰੋ ਅਤੇ ਇਸ ਨੂੰ ਭਗਤੀ ਦੀ ਤਰ੍ਹਾਂ ਕਰੋ। ਕੰਮ 'ਚ ਰੁਝੇ ਰਹੋ ਅਤੇ ਡਟਕੇ ਮਿਹਨਤ ਕਰੋ।

3. ਛੋਟੇ ਕੰਮ ਨੂੰ ਵੀ ਚੰਗੇ ਢੰਗ ਨਾਲ ਕਰੋ।

4. ਨਿੰਦਾ-ਚੁਗਲੀ ਤੋਂ ਬਚੋ। ਵੱਡੀਆਂ ਸੋਚਾਂ ਸੋਚੋ। ਵੱਡੇ ਤੇ ਚੰਗੇ ਕੰਮ ਕਰੋ। ਘਟੀਆ ਸੋਚਾਂ ਵਿਅਕਤੀ ਨੂੰ ਸ਼ਕਤੀਹੀਣ ਕਰਕੇ ਘਟੀਆ ਬਣਾ ਦਿੰਦੀਆਂ ਹਨ।

5. ਉਤਨੇ ਕੰਮ ਹੀ ਹੱਥਾਂ 'ਚ ਲਵੋ, ਜਿਤਨੇ ਠੀਕ ਢੰਗ ਨਾਲ ਕਰ ਸਕਦੇ ਹੋ।

6. ਆਪਣੇ ਸਮੇਂ ਦੀ ਸੰਭਾਲ ਕਰੋ ਅਤੇ ਸਮੇਂ ਨੂੰ ਬੇਅਰਥ ਕੰਮਾਂ 'ਚ ਨਸ਼ਟ ਨਾ ਕਰੋ।

7. ਆਪਣੇ ਪੈਸੇ ਦੀ ਸੰਭਾਲ ਕਰਨੀ ਸਿੱਖੋ ਅਤੇ ਆਪਣੀ ਆਮਦਨ 'ਚ ਗੁਜ਼ਾਰਾ

ਕਰਨਾ ਸਿੱਖੋ।

8. ਹਮੇਸ਼ਾਂ ਸੋਚ ਉਸਾਰੂ ਰੱਖੋ ਅਤੇ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹੋ।

9. ਆਪਣੇ ਗੁੱਸੇ ਨੂੰ ਕਾਬੂ ਕਰਨਾ ਸਿੱਖੋ। ਫਰੀਦ ਜੀ ਫੁਰਮਾਉਂਦੇ ਹਨ:

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥

10. ਧੰਨਵਾਦ ਕਰਨਾ ਤੇ ਗਲਤੀ ਮੰਨਣੀ ਸਿਖੋ।

11. ਨਾਂਹ ਕਹਿਣੀ ਤੇ 'ਨਾਂਹ' ਸੁਣਨੀ ਸਿਖੋ।

12. ਖਿਮਾਂ ਕਰਨੀ ਚੰਗੀ ਆਦਤ ਹੈ।

13. ਹਾਰ ਤੋਂ ਘਬਰਾਓ ਨਾ, ਫਿਰ ਯਤਨ ਕਰੋ, ਫਿਰ ਸੰਘਰਸ਼ ਕਰੋ ਅਤੇ ਹਾਰ ਨੂੰ ਜਿੱਤ 'ਚ ਬਦਲੋ। ਤੁਹਾਡੇ ਸਵੈ-ਮਾਣ 'ਚ ਵਾਧਾ ਹੋਵੇਗਾ।

14. ਕਿਤਾਬਾਂ ਪੜ੍ਹੋ, ਗਿਆਨ ਪ੍ਰਾਪਤ ਕਰਦੇ ਰਹੋ। ਇਹ ਤੁਹਾਡਾ ਹਥਿਆਰ ਹੈ, ਜਿਸ ਰਾਹੀਂ ਤੁਸੀਂ ਜਿੰਦਗੀ ਦੀਆਂ ਮੁਸ਼ਕਲਾਂ ਦਾ ਹੱਲ ਲੱਭੋਗੇ ਅਤੇ ਤਣਾਓ ਤੋਂ ਮੁਕਤ ਹੋ ਸਕੋਗੇ। ਗਿਆਨ ਤੇ ਨਵੇਂ ਹੁਨਰਾਂ ਦੀ ਪ੍ਰਾਪਤੀ ਸਾਰੀ ਉਮਰ ਕਰਦੇ ਰਹੋ।

15. ਆਪਣੇ ਪੈਰਾਂ ਤੇ ਖੜੇ ਹੋਣਾ ਸਿਖੋ। ਕਿਸੇ ਤੇ ਨਿਰਭਰ ਹੋਣਾ ਆਪਣੇ ਆਪ ਨੂੰ ਡੇਗਣਾ ਹੈ। ਫਰੀਦ ਜੀ ਕਹਿੰਦੇ ਹਨ:

ਫਰੀਦਾ ਬਾਰ ਪਰਾਇਐ ਬੈਸਣਾ ਸਾਈ ਮੁਝੈ ਨ ਦੇਹਿ ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥

16. ਚੰਗੇ ਮਿੱਤਰ ਬਣਾਓ। ਮੁਸ਼ਕਿਲ ਸਮੇਂ ਉਹਨਾਂ ਦੀ ਸਲਾਹ ਲਵੋ ਜਾਂ ਵਿਚਾਰ ਵਟਾਂਦਰਾ ਕਰੋ। ਉਦਾਸੀ ਦੀ ਅਵਸਥਾ 'ਚ ਕਦੀ ਵੀ ਇਕੱਲੇ ਨਾ ਬੈਠੋ। ਆਪਣੇ ਪਤਨੀ/ਪਤੀ ਜਾਂ ਪਰਿਵਾਰ 'ਚ ਆਪਣੀ ਪ੍ਰੇਸ਼ਾਨੀ ਬਾਰੇ ਗੱਲਬਾਤ ਕਰੋ।

17. ਖੁਲ੍ਹਕੇ ਹੱਸਣਾ ਤਣਾਓ ਨੂੰ ਘਟਾਉਂਦਾ ਹੈ।

18. ਵਰਜਿਸ਼ ਕਰੋ। ਇਸ ਰਾਹੀਂ ਤੁਹਾਨੂੰ ਆਰਾਮ ਮਿਲੇਗਾ।

19. ਸਾਦਾ, ਸੰਤੁਲਤ ਤੇ ਪੌਸ਼ਟਿਕ ਖੁਰਾਕ ਨਿਸ਼ਚਤ ਸਮੇਂ ਤੇ ਖਾਓ। ਉਨੀ ਹੀ ਮਾਤਰਾ 'ਚ ਖਾਵੋ, ਜਿਤਨੀ ਸਰੀਰ ਨੂੰ ਲੋੜ ਹੈ। ਆਪਣੇ ਭਾਰ ਨੂੰ ਜਿਸਮ ਤੇ ਉਮਰ ਦੇ ਹਿਸਾਬ ਨਾਲ ਕਾਬੂ 'ਚ ਰੱਖੋ।

20. ਸੇਵਾ ਕਰੋ। ਦੂਜਿਆਂ ਦੇ ਦੁੱਖ ਘਟਾਉਣ ਲਈ ਸਮਾਂ ਕੱਢੋ। ਜੇਕਰ ਕਿਸੇ ਗਰੀਬ ਲੋੜਵੰਦ ਦੀ ਮਦਦ ਕਰਕੇ, ਪੁੰਨ ਖਟੋਗੇ ਅਤੇ ਅਸੀਸ ਲਵੋਗੇ, ਤਾਂ ਤੁਹਾਡੇ ਮਨ 'ਚ ਆਤਮਿਕ ਖੇੜਾ ਆਏਗਾ। ਆਨੰਦ ਦੀ ਇਹੀ ਪ੍ਰਾਪਤੀ ਤਣਾਓ ਨੂੰ ਦੂਰ ਕਰੇਗੀ ਅਤੇ ਚਿੰਤਾਵਾਂ ਦਾ ਨਾਸ ਕਰੇਗੀ।

21. ਪ੍ਰਾਰਥਨਾ ਰਾਹੀਂ ਸਾਨੂੰ ਦੁੱਖਾਂ ਤੇ ਮੁਸ਼ਕਲਾਂ ਨੂੰ ਕਾਬੂ ਕਰਨ ਲਈ ਸਹਾਇਤਾ ਮਿਲਦੀ ਹੈ। ਆਪਣੇ ਇਸ਼ਟ ਦੇਵ ਨਾਲ ਅੱਖਾਂ ਬੰਦ ਕਰਕੇ ਪ੍ਰਾਰਥਨਾ ਕਰੋ। ਹਰ ਰੋਜ਼ ਕੁਝ ਸਮਾਂ ਧਿਆਨ 'ਚ ਬੈਠੋ ਅਤੇ ਚੜ੍ਹਦੀ ਕਲਾ ਲਈ ਅਰਦਾਸ ਕਰੋ। ਆਪਣੇ ਬਾਰੇ ਸੋਚੋ। ਜੋ ਕਮਜ਼ੋਰੀਆਂ ਹਨ, ਉਹਨਾਂ ਨੂੰ ਦੂਰ ਕਰਨ ਲਈ ਯਤਨ ਕਰੋ। ਸਹਿਜੇ ਸਹਿਜੇ ਗੁਣਾਂ ਦੀ ਉਸਾਰੀ ਹੁੰਦੀ ਹੈ, ਜੋ ਜੀਵਨ 'ਚ ਤਣਾਓ ਅਤੇ ਚਿੰਤਾਵਾਂ ਦਾ ਸਹਿਜ ਸੁਭਾ ਨਾਲ ਹੱਲ ਲੱਭਦੀ ਹੋਈ ਆਨੰਦ ਮਈ ਅਵਸਥਾ 'ਚ ਵਿਚਰਦੀ ਹੈ ।

***

12. ਸਵੈ ਵਿਸ਼ਵਾਸ਼ ਕਿਵੇਂ ਪੈਦਾ ਕੀਤਾ ਜਾਵੇ?

ਸਵੈ-ਵਿਸ਼ਵਾਸ਼ ਇਕ ਉਹ ਗੁਣ ਹੈ ਜਿਸ ਸਦਕਾ ਮਨੁੱਖ ਖੁਸ਼ ਰਹਿ ਸਕਦਾ ਅਤੇ ਜੋਸ਼ ਭਰੀ ਜ਼ਿੰਦਗੀ ਜੀ ਸਕਦਾ ਹੈ। ਯਾਦ ਰਖੋ! ਸਵੈ-ਵਿਸ਼ਵਾਸ਼ ਖੁਸ਼ੀ ਦੀ ਕੁੰਜੀ ਹੈ। ਜੇ ਕਿਸੇ ਬੰਦੇ ਦਾ ਸਵੈ-ਵਿਸ਼ਵਾਸ਼ ਘਟ ਜਾਵੇ ਤਾਂ ਉਹ ਆਪਣੇ ਆਪ ਨੂੰ ਘਟੀਆ ਸਮਝਦਾ ਹੈ। ਭਾਵੇਂ ਉਸ ਵਿਚ ਕੁਝ ਗੁਣ ਵੀ ਹੋਣ, ਫਿਰ ਵੀ ਆਪਣੇ ਆਪ ਨੂੰ ਨਕਾਰਾ ਸਮਝਦਾ ਹੈ। ਇਹੋ ਜਿਹਾ ਬੰਦਾ ਦੂਜਿਆਂ ਦੀ ਨੁਕਤਾਚੀਨੀ ਕਰਦਾ ਹੈ। ਉਸ ਨੂੰ ਸਾਰੇ ਹੀ ਦੁਸ਼ਮਣ ਨਜ਼ਰ ਆਉਂਦੇ ਹਨ। ਉਹ ਹਰ ਦੂਜੇ ਵਿਚ ਮਾੜੀਆਂ ਗੱਲਾਂ ਹੀ ਵੇਖਦਾ ਹੈ ਅਤੇ ਆਪਣੇ ਆਪ ਤੇ ਦੂਜਿਆਂ ਦੀ ਜ਼ਿੰਦਗੀ ਭੈੜੀ ਬਣਾ ਦੇਂਦਾ ਹੈ।

ਕੀ ਅਸੀਂ ਆਪਣਾ ਸਵੈ ਵਿਸ਼ਵਾਸ਼ ਤਕੜਾ ਕਰ ਸਕਦੇ ਹਾਂ? ਹਾਂ, ਅਸੀਂ ਕਰ ਸਕਦੇ ਹਾਂ। ਉਸ ਲਈ ਇਹ ਕਰੋ:

1. ਆਪਣੇ ਬਾਰੇ ਹਮੇਸ਼ਾ ਚੰਗੇ ਵਿਚਾਰ ਰਖੋ। ਜਦ ਵੀ ਤੁਸੀਂ ਆਪਣੇ ਬਾਰੇ ਉੱਚੀ ਤੇ ਚੰਗੀ ਸੋਚ ਰਖੋਗੇ, ਲੋਕ ਤੁਹਾਡੇ ਨਾਲ ਪਿਆਰ ਨਾਲ ਪੇਸ਼ ਆਉਣਗੇ।

2. ਜਦ ਵੀ ਤੁਸੀਂ ਕੋਈ ਚੰਗਾ ਕੰਮ ਕਰ ਲਵੋ, ਤਾਂ ਆਪਣੇ ਆਪ ਨੂੰ ਥਾਪੜਾ ਦਿਉ। ਤੁਹਾਡਾ ਮਨ ਇਕ ਨਰਮ ਪੌਦੇ ਦੀ ਤਰ੍ਹਾਂ ਦਾ ਹੈ, ਜਿਸ ਨੂੰ ਬੜੇ ਪਿਆਰ ਨਾਲ ਤਕੜਿਆਂ ਕਰਨਾ ਹੁੰਦਾ ਹੈ।

3. ਕਦੀ ਵੀ ਆਪਣੇ ਆਪ ਨੂੰ ਘਟੀਆ ਨਾ ਸਮਝੋ, ਤੇ ਨਾ ਹੀ ਇਹ ਸੋਚ ਕਦੇ ਵੀ ਮਨ ਵਿਚ ਲਿਆਵੋ ਕਿ ਇਹ ਕੰਮ ਮੈਂ ਨਹੀਂ ਕਰ ਸਕਦਾ। ਜੇ ਤੁਹਾਡੇ ਵਿਚ ਹਾਰ ਦੀ ਸੋਚ ਆ ਰਹੀ ਹੈ, ਤਾਂ ਤੁਸੀਂ ਕਦੀ ਵੀ ਜਿਤ ਪ੍ਰਾਪਤ ਨਹੀਂ ਕਰ ਸਕਦੇ।

4. ਦੂਸਰੇ ਦੇ ਕੰਮ ਦੀ ਸੁਹਣੇ ਢੰਗ ਨਾਲ ਪ੍ਰਸੰਸਾ ਕਰੋ। ਜਦੋਂ ਅਸੀਂ ਕਿਸੇ ਵਲ ਪਿਆਰ ਨਾਲ ਵੇਖਦੇ ਹਾਂ, ਮੁਸਕਰਾ ਕੇ ਗੱਲ ਕਰਦੇ ਹਾਂ ਅਤੇ ਦੂਸਰੇ ਦਾ ਸਤਿਕਾਰ ਕਰਦੇ ਹਾਂ, ਤਾਂ ਇਸ ਰਾਹੀਂ ਦੂਸਰੇ ਦਾ ਦਿਲ ਜਿੱਤ ਲੈਂਦੇ ਹਾਂ, ਜੋ ਸਾਡੇ ਵਿਚ ਇਕ ਚੰਗੀ ਭਾਵਨਾ ਪੈਦਾ ਕਰਕੇ ਸਾਡੇ ਸਵੈ-ਵਿਸ਼ਵਾਸ਼ ਨੂੰ ਤਕੜਿਆਂ ਕਰਦਾ ਹੈ।

5. ਕਿਸੇ ਦੀ ਝੂਠੀ ਤਾਰੀਫ ਕਦੀ ਨਾ ਕਰੋ। ਝੂਠੀ ਤਾਰੀਫ ਨਾਲ, ਤੁਹਾਡੇ ਬਾਰੇ ਲੋਕਾਂ ਦੀ ਰਾਏ ਚੰਗੀ ਨਹੀਂ ਬਣੇਗੀ ਅਤੇ ਤੁਸੀਂ ਲੋਕਾਂ ਦੀਆਂ ਨਜ਼ਰਾਂ ਵਿਚ ਗਿਰ ਜਾਵੋਗੇ।

6. ਜੇ ਕੋਈ ਤੁਹਾਡੀ ਪ੍ਰਸੰਸਾ ਕਰਦਾ ਹੈ ਤਾਂ ਉਸਦਾ ਧੰਨਵਾਦ ਕਰੋ।

7. ਜੇ ਕੋਈ ਤੁਹਾਡੀ ਝੂਠੀ ਪ੍ਰਸੰਸਾ ਕਰਦਾ ਹੈ ਤਾਂ ਉਸਦਾ ਅਸਰ ਨਾ ਕਬੂਲੋ ਅਤੇ ਉਹਨਾਂ ਲੋਕਾਂ ਤੋਂ ਬਚਕੇ ਰਹੋ ਜਿਹੜੇ ਤੁਹਾਨੂੰ ਢਹਿੰਦੀ ਕਲਾ ਵਾਲੀ ਵਿਚਾਰ ਦੇਂਦੇ ਹਨ:

ਹਮੇਸ਼ਾਂ ਯਾਦ ਰਖੋ! ਜੇ ਤੁਸੀਂ ਖੁਸ਼ ਰਹਿਣਾ ਚਾਹੁੰਦੇ ਹੋ ਤੇ ਕਾਮਯਾਬ ਜੀਵਨ ਜੀਊਣਾ ਚਾਹੁੰਦੇ ਹੋ ਤਾਂ ਆਪਣੇ ਸਵੈ-ਵਿਸ਼ਵਾਸ਼ ਨੂੰ ਤਕੜਿਆਂ ਕਰਦੇ ਰਹੋ।

ਸਵੇਰੇ-ਸ਼ਾਮ ਬਾਣੀ ਦਾ ਪਾਠ ਕਰੋ। ਕੁਝ ਸਮਾਂ ਧਿਆਨ ਵਿਚ ਬੈਠੋ, ਚੰਗੇ ਵਿਚਾਰ ਮਨ ਵਿਚ ਲਿਆਵੋ ਅਤੇ ਚੰਗੀਆਂ ਸੋਚਾਂ ਸੋਚੋ।

ਸਵੈ-ਵਿਸ਼ਵਾਸ ਪੈਦਾ ਕਰਨ ਲਈ ਵਰਜਿਸ਼ ਬਹੁਤ ਸਹਾਇਤਾ ਕਰਦੀ ਹੈ। ਘੱਟੋ-ਘੱਟ 30 ਮਿੰਟ ਰੋਜ਼ਾਨਾ ਵਰਜਿਸ਼ ਕਰੋ। ਕੁਦਰਤ ਦੇ ਨਜ਼ਾਰੇ ਤੱਕੋ, ਪਹਾੜਾਂ ਦੀ ਸੈਰ ਕਰੋ, ਚੰਗੀਆਂ ਕਿਤਾਬਾਂ ਪੜ੍ਹੋ, ਫੋਟੋਗ੍ਰਾਫੀ ਤੇ ਪੇਂਟਿੰਗ ਕਰੋ, ਫੁੱਲ ਬੂਟੇ ਲਾਓ, ਸੰਗੀਤ ਸਿੱਖੋ ਤੇ ਸੁਣੋ ਆਦਿ ਸ਼ੁਗਲਾਂ ਰਾਹੀਂ ਮਨ ਖੁਸ਼ ਤੇ ਤਕੜਾ ਕੀਤਾ ਜਾ ਸਕਦਾ ਹੈ। ਮਹਾਨ ਹਸਤੀਆਂ ਦੀਆਂ ਜੀਵਨੀਆਂ ਪੜ੍ਹੋ, ਇਹ ਤੁਹਾਨੂੰ ਵੱਡੇ ਬਨਣ ਲਈ ਪ੍ਰੇਰਣਾ ਦੇਣਗੀਆਂ। ਚੰਗੇ ਸੋਚ ਵਾਲੇ ਅਤੇ ਮਿਹਨਤੀ ਲੋਕਾਂ ਦੀ ਸੰਗਤ ਤੁਹਾਨੂੰ ਬਹੁਤ ਉਤਸ਼ਾਹ ਦੇਵੇਗੀ ਅਤੇ ਤੁਹਾਡੇ ਵਿਚ ਚੰਗਾ ਤੇ ਵੱਡਾ ਬਨਣ ਦੀ ਉਮੰਗ ਪੈਦਾ ਹੋਵੇਗੀ।

ਜਦ ਵੀ ਤੁਰੋ, ਸਿਰ ਉੱਚਾ ਕਰਕੇ ਤੁਰੋ। ਚਿਹਰੇ ਤੇ ਮੁਸਕਾਨ ਰੱਖੋ, ਜੋਸ਼ ਨਾਲ ਹੱਥ ਮਿਲਾਓ ਤੇ ਅੱਖਾਂ ਵਿਚ ਅੱਖਾਂ ਪਾਕੇ ਗੱਲ ਕਰੋ। ਤੁਹਾਡੀ ਪੁਸ਼ਾਕ ਸਾਫ-ਸੁਥਰੀ ਹੋਣੀ ਚਾਹੀਦੀ ਹੈ ਅਤੇ ਸਮੁੱਚੀ ਦਿੱਖ ਪਿਆਰੀ ਲਗਣੀ ਚਾਹੀਦੀ ਹੈ ਪਰਮਾਤਮਾ ਨੇ ਸਾਨੂੰ ਇਹ ਜੀਵਨ ਨਰੋਏ ਤੇ ਉੱਤਮ ਕੰਮ ਕਰਨ ਲਈ ਦਿੱਤਾ ਹੈ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਹਰ ਸਮੇਂ ਚੜ੍ਹਦੀ ਕਲਾ ਵਿਚ ਰਹਿੰਦੇ ਹੋਏ ਚੰਗੇ ਕੰਮ ਕਰੀਏ।

ਇੱਛਾ-ਸ਼ਕਤੀ ਨੂੰ ਤਕੜਿਆਂ ਕਿਵੇਂ ਕਰੀਏ?

ਕਿਸੇ ਵੀ ਕੰਮ ਨੂੰ ਨੇਪਰੇ ਚਾੜ੍ਹਨ ਲਈ ਜਾਂ ਕਿਸੇ ਮੁਸ਼ਕਿਲ ਨੂੰ ਹੱਲ ਕਰਨ ਲਈ, ਸਾਨੂੰ ਇੱਛਾ ਸ਼ਕਤੀ ਦੀ ਲੋੜ ਪੈਂਦੀ ਹੈ, ਜਿਸ ਰਾਹੀਂ ਅਸੀਂ ਪੱਕੇ-ਇਰਾਦੇ ਨਾਲ ਕੰਮ ਵਿਚ ਜੁੱਟੇ ਰਹਿੰਦੇ ਹਾਂ। ਹਰ ਮੁਸ਼ਕਲ ਕੰਮ ਜਾਂ ਫੈਸਲੇ ਨੂੰ ਪੂਰਾ ਕਰਨ ਲਈ ਸਾਡੇ ਵਿਚ ਇਕ ਅੰਦਰੂਨੀ ਸ਼ਕਤੀ ਦੀ ਲੋੜ ਹੁੰਦੀ ਹੈ, ਜਿਸ ਰਾਹੀਂ ਅਸੀਂ ਕਿਸੇ ਚੁਣੌਤੀ ਦਾ ਸਾਹਮਣਾ ਕਰਦੇ ਹੋਏ ਅੱਗੇ ਵੱਲ ਨੂੰ ਤੁਰਦੇ ਰਹਿੰਦੇ ਹਾਂ। ਇਹੋ ਹੀ ਤਾਂ ਇੱਛਾ-ਸ਼ਕਤੀ ਹੈ, ਪਰ ਆਮ ਤੌਰ ਤੇ ਅਸੀਂ ਹਰ ਮੁਸ਼ਕਿਲ ਕੰਮ ਨੂੰ ਕਰਨ ਸਮੇਂ ਕਹਿ ਦਿੰਦੇ ਹਾਂ," ਇਹ ਕੰਮ ਮੈਂ ਨਹੀਂ ਕਰ ਸਕਦਾ, ਮੇਰੇ ਵਿਚ ਸ਼ਕਤੀ ਜਾਂ ਹਿੰਮਤ ਨਹੀਂ ਹੈ। ਅਸਲੀਅਤ ਇਹ ਹੈ ਕਿ ਅਸੀਂ ਇੱਛਾ-ਸ਼ਕਤੀ ਨੂੰ ਲੈ ਕੇ ਪੈਦਾ ਨਹੀਂ ਹੋਏ ਬਲਕਿ ਇਹ ਤਾਂ ਇਕ ਕਲਾ ਹੈ ਜਿਸਨੂੰ ਅਸੀਂ ਤਿਆਰ ਕਰਦੇ ਹਾਂ, ਤਕੜਿਆਂ ਕਰਦੇ ਹਾਂ ਅਤੇ ਇਸਦੀ ਮੱਦਦ ਨਾਲ ਅਸੀਂ ਆਪਣੇ ਨਿਸ਼ਾਨਿਆਂ ਦੀ ਪ੍ਰਾਪਤੀ ਕਰਦੇ ਹਾਂ। ਸ਼ਬਦ-ਕੋਸ਼ ਵਿਚ ਇੱਛਾ ਸ਼ਕਤੀ ਦੇ ਅਰਥ ਹਨ," ਭਾਵਨਾਵਾਂ ਤੇ ਕਰਮਾਂ ਨੂੰ ਕਾਬੂ ਕਰਨਾ ਹੈ।" ਪਹਿਲਾਂ ਅਸੀਂ ਕੁਝ ਸੋਚਦੇ ਹਾਂ ਜਿਸਨੂੰ ਅਸੀਂ ਸੋਚ ਕਹਿੰਦੇ ਹਨ, ਫਿਰ ਸੋਚ-ਮੁਤਾਬਿਕ ਕਿਰਿਆ ਕਰਦੇ ਹਾਂ, ਜੇ ਇਹ ਸੋਚ ਤੇ ਕਰਮ ਬਾਰ ਬਾਰ ਹੁੰਦੇ ਰਹਿਣ ਤਾਂ ਇਹ ਸੋਚ ਸਾਡੀ ਆਦਤ ਬਣ ਜਾਂਦੀ ਹੈ। ਜੇ

ਚੰਗੀ ਸੋਚ ਤੇ ਉਸ ਕਾਰਣ ਚੰਗੇ ਕਰਮ ਹੁੰਦੇ ਰਹਿਣ ਤਾਂ ਚੰਗੀ ਆਦਤ ਨਹੀਂ ਤਾਂ ਬੁਰੀ ਆਦਤ ਬਣ ਜਾਂਦੀ ਹੈ। ਇਸ ਇੱਛਾ-ਸ਼ਕਤੀ ਦੀ ਨਰੋਈ ਉਸਾਰੀ ਲਈ ਕੁਝ ਸੁਝਾਓ ਇਸ ਪ੍ਰਕਾਰ ਹਨ:

1. ਹਮੇਸ਼ਾਂ ਚੰਗੀ ਸੋਚ ਸੋਚੋ:- ਜੀਵਨ ਨੂੰ ਚੰਗੇਰਾ ਜੀਊਣ ਤੇ ਬਣਾਉਣ ਲਈ ਹਮੇਸ਼ਾਂ ਚੰਗੀ ਸੋਚ ਸੋਚੋ ਅਤੇ ਚੰਗੇ ਨਿਸ਼ਾਨੇ ਮਿਥੋ। ਆਪਣੀ ਸੋਚ ਨੂੰ ਅਮਲ ਵਿਚ ਲਿਆਉਣ ਲਈ ਲਗਾਤਾਰ ਮਿਹਨਤ ਕਰੋ। ਜਦ ਵੀ ਕਿਸੇ ਚੰਗੇ ਨਿਸ਼ਾਨੇ ਦੀ ਪੂਰਤੀ ਵੱਲ ਹਮੇਸ਼ਾ ਧਿਆਨ ਰਖੋ, ਤੁਸੀਂ ਜ਼ਰੂਰ ਕਾਮਯਾਬ ਹੋਵੋਗੇ।

2. ਪੱਕਾ ਮਨ ਬਣਾਓ:- ਜਦ ਵੀ ਤੁਸੀਂ ਕਿਸੇ ਭੈੜੀ ਆਦਤ ਨੂੰ ਛਡਣਾ ਚਾਹੁੰਦੇ ਹੋ ਤਾਂ ਉਸ ਬਾਰੇ ਪਹਿਲਾਂ ਪੂਰਾ ਸਮਝ ਲਵੋ ਕਿ ਇਸ ਆਦਤ ਨੂੰ ਤੋੜਨ ਨਾਲ ਕਿਹੜੇ ਲਾਭ ਹੋਣਗੇ। ਫਿਰ ਇਸ ਆਦਤ ਨੂੰ ਤੋੜਨ ਲਈ ਕੀ ਕਰਨਾ ਚਾਹੀਦਾ ਹੈ? ਸੋਚੋ! ਪਲੈਨ ਮੁਤਾਬਿਕ ਲਗਾਤਾਰ ਉਸ ਆਦਤ ਨੂੰ ਛੱਡਣ ਦਾ ਯਤਨ ਕਰੋ ਅਤੇ ਜਦ ਆਦਤ ਟੁੱਟ ਜਾਵੇ ਤਾਂ ਉਸਨੂੰ ਮੁੜ ਵਾਪਿਸ ਪਰਤਣ ਤੋਂ ਰੋਕਣ ਲਈ ਸੁਚੇਤ ਰਹੋ। ਇਹ ਸਭ ਕੁਝ ਤੁਸੀਂ ਪੱਕੇ ਮਨ ਦੀ ਸਹਾਇਤਾ ਰਾਹੀਂ ਹੀ ਕਰ ਸਕਦੇ ਹੋ।

3. ਆਪਣੇ ਨਿਸ਼ਾਨੇ ਦੇ ਨੇੜੇ ਪੁੱਜਣ ਦੀ ਕੋਸ਼ਿਸ਼ ਕਰੋ:- ਜ਼ਿੰਦਗੀ ਵਿਚ ਸਭ ਤੋਂ ਕਾਮਯਾਬ ਮਨੁੱਖ ਉਹ ਹੁੰਦੇ ਹਨ, ਜਿਨ੍ਹਾਂ ਦੇ ਜੀਵਨ-ਨਿਸ਼ਾਨੇ ਸਾਫ ਤੇ ਸਪੱਸ਼ਟ ਹੁੰਦੇ ਹਨ। ਕਦੀ ਇਹੋ ਜਿਹਾ ਨਿਸ਼ਾਨਾ ਨਾ ਰੱਖੋ, "ਕਿ ਮੈਂ ਬਹੁਤ ਪੜ੍ਹਾਂਗਾ"। ਬਲਕਿ ਨਿਸ਼ਾਨਾ ਇੰਝ ਰੱਖੋ " ਮੈਂ ਹਰ ਰੋਜ਼ ਘੱਟੋ-ਘੱਟ 2 ਘੰਟੇ ਪੜ੍ਹਾਂਗਾ"। ਇਸ ਨਿਸ਼ਾਨੇ ਨੂੰ ਪੂਰਿਆਂ ਕਰਨ ਦਾ ਯਤਨ ਕਰੋ।

4. ਆਪਣੇ ਕਰ ਰਹੇ ਕੰਮ ਵਿਚ ਪੂਰਾ ਵਿਸ਼ਵਾਸ਼ ਰੱਖੋ:- ਕਿਸੇ ਕੰਮ ਨੂੰ ਪੂਰੇ ਜੋਸ਼ ਨਾਲ ਕਰੋ। ਢਿੱਲੇ ਹੋ ਕੇ ਕੀਤਾ ਕੰਮ ਨਾ ਤਸੱਲੀ ਬਖਸ਼ ਹੁੰਦਾ ਹੈ ਅਤੇ ਨਾ ਹੀ ਖੇੜਾ ਦਿੰਦਾ ਹੈ। ਕੰਮ ਕਰਦੇ ਹੋਏ ਖੇੜਾ ਤੇ ਤਸੱਲੀ ਇੱਛਾ ਸ਼ਕਤੀ ਨੂੰ ਤਕੜਿਆਂ ਕਰਦਾ ਹੈ।

5. ਆਪਣੇ ਸਵੈ ਮਾਣ ਨੂੰ ਉੱਚਾ ਕਰੋ:- ਚੰਗਾ ਕੰਮ ਕਰਕੇ ਮਾਣ ਮਹਿਸੂਸ ਕਰੋ ਕਿ ਮੈਂ ਚੰਗਾ ਵਿਅਕਤੀ ਬਣ ਰਿਹਾ ਹਾਂ। ਮੇਰੇ ਵਿਚ ਚੰਗੇ ਗੁਣ ਪੈਦਾ ਹੋ ਰਹੇ ਹਨ, ਸ਼ਖਸ਼ੀਅਤ ਸੁੰਦਰ ਬਣ ਰਹੀ ਹੈ ਅਤੇ ਮੈਂ ਦੂਸਰਿਆਂ ਨਾਲੋਂ ਉੱਤਮ ਕੰਮ ਕਰ ਰਿਹਾ ਹਾਂ।

6. ਮੁਸ਼ਕਲਾਂ ਤੋਂ ਸੁਚੇਤ ਰਹੋ:- ਯਾਦ ਰੱਖੋ! ਕਾਮਯਾਬੀ ਹਰ ਸਮੇਂ ਨਹੀਂ ਮਿਲਦੀ। ਹਾਰ ਵੀ ਜ਼ਿੰਦਗੀ ਦਾ ਹਿੱਸਾ ਹੈ। ਜਦ ਵੀ ਕਾਮਯਾਬੀ ਤੋਂ ਬਾਅਦ ਹਾਰ ਮਿਲੇ, ਦਿਲ ਨਾ ਛੱਡੋ। ਫਿਰ ਯਤਨ ਕਰੋ, ਜੀਵਨ ਸੰਘਰਸ਼ ਹੈ ਇਸ ਨੂੰ ਨਾ ਛੱਡੋ। ਇਹ ਤੁਹਾਨੂੰ ਚੰਗਾ ਜੀਵਨ ਜੀਊਣ ਲਈ ਸੋਝੀ ਦੇਵੇਗਾ ਅਤੇ ਮੁਸ਼ਕਲਾਂ ਦਾ ਟਾਕਰਾ ਕਰਨ ਲਈ ਹੌਂਸਲਾ ਪੈਦਾ ਕਰੇਗਾ।

7. ਹਮੇਸ਼ਾਂ ਅਸਲੀਅਤ ਦੇ ਨੇੜੇ ਰਹੋ:- ਆਪਣੀ ਸ਼ਕਤੀ ਤੇ ਸਮਝ ਦੇ ਮੁਤਾਬਿਕ ਨਿਸ਼ਾਨੇ ਮਿਥੋ। ਇਕ ਦਮ ਵੱਡੀ ਪ੍ਰਾਪਤੀ ਦੀ ਥਾਂ ਛੋਟੇ-ਛੋਟੇ ਨਿਸ਼ਾਨੇ ਮਿਥੋ, ਜਿਨ੍ਹਾਂ ਦੀ ਪੂਰਤੀ ਕਰਦੇ ਹੋਏ ਵੱਡੇ ਨਿਸ਼ਾਨਿਆਂ ਵੱਲ ਤੁਰੋ। ਅਜ ਮੈਂ ਇਕ ਘੰਟਾ ਰੋਜ਼ ਪੜ੍ਹਾਂਗਾ,

ਹਫਤੇ ਬਾਅਦ ਦੋ ਘੰਟੇ ਅਤੇ ਫਿਰ ਸਹਿਜੇ ਸਹਿਜੇ ਹਰ ਰੋਜ਼ 5-6 ਘੰਟੇ ਪੜ੍ਹਨ ਦੀ ਆਦਤ ਪਾਵਾਂਗਾ। ਇੰਝ ਅਸੀਂ ਪ੍ਰਾਪਤੀ ਚੰਗੀ ਕਰਾਂਗੇ ਅਤੇ ਇਹ ਸਾਡੀ ਇੱਛਾ ਸ਼ਕਤੀ ਨੂੰ ਮਜ਼ਬੂਤ ਕਰੇਗੀ।

8. ਸਬਰ ਤੋਂ ਕੰਮ ਲਵੋ:- ਤਕੜੀ ਇੱਛਾ ਸ਼ਕਤੀ ਇਕ ਦਿਨ ਵਿਚ ਪੈਦਾ ਨਹੀਂ ਹੋ ਸਕਦੀ। ਇਸ ਲਈ ਸਹਿਜੇ ਸਹਿਜੇ ਲਗਾਤਾਰ ਯਤਨ ਕਰਨੇ ਪੈਂਦੇ ਹਨ। ਇਹਨਾਂ ਯਤਨਾਂ ਵਿਚਕਾਰ ਕਈ ਵਾਰ ਫੇਲ੍ਹ ਵੀ ਹੁੰਦੇ ਹਾਂ। ਪਰ ਲਗਾਤਾਰ ਤੇ ਸਿਆਣਪ ਨਾਲ ਕੀਤੇ ਯਤਨਾਂ ਰਾਹੀਂ ਅਖੀਰ ਕਾਮਯਾਬੀ ਮਿਲ ਜਾਂਦੀ ਹੈ। ਜਦ ਵੀ ਕਾਮਯਾਬੀ ਨਾ ਮਿਲੇ, ਤਾਂ ਇਸ ਦੇ ਕਾਰਣਾਂ ਬਾਰੇ ਸੋਚੋ ਅਤੇ ਉਨ੍ਹਾਂ ਰੁਕਾਵਟਾਂ ਨੂੰ ਦੂਰ ਕਰਕੇ ਅੱਗੇ ਵਧੋ।

9. ਹਮੇਸ਼ਾਂ ਯਤਨ ਜਾਰੀ ਰੱਖੋ:- ਕਾਮਯਾਬੀ ਤੋਂ ਬਾਅਦ ਖੁਸ਼ੀ ਨਾਲ ਆਰਾਮ ਨਾਲ ਨਾ ਬੈਠ ਜਾਵੋ। ਹਮੇਸ਼ਾਂ ਸੁਚੇਤ ਰਹਿਣ ਦੀ ਲੋੜ ਹੈ। ਇਕ ਕਾਮਯਾਬੀ ਤੋਂ ਬਾਅਦ ਦੂਜੀ ਹੋਰ ਕਾਮਯਾਬੀ ਵਲ ਵਧੋ। ਜਿੰਨੀਆਂ ਹੀ ਕਾਮਯਾਬੀਆਂ ਪ੍ਰਾਪਤ ਕਰੋਗੇ, ਉਨ੍ਹੀ ਹੀ ਇੱਛਾ-ਸ਼ਕਤੀ ਮਜ਼ਬੂਤ ਹੋਵੇਗੀ, ਜੋ ਤੁਹਾਡੀ ਸ਼ਖਸ਼ੀਅਤ ਨੂੰ ਪ੍ਰਭਾਵਸ਼ਾਲੀ, ਸਵੈ-ਵਿਸ਼ਵਾਸ਼ੀ ਤੇ ਹਮੇਸ਼ਾਂ ਚੜ੍ਹਦੀ ਕਲਾ ਵਾਲੀ ਬਣਾ ਦੇਵੇਗੀ।

***

ਪ੍ਰਸ਼ਨ ਪੱਤਰ ਪਾਠ ਨੰ. 5

1. ਗੁਰੂ ਅਰਜੁਨ ਸਾਹਿਬ ਜੀ ਦੇ ਜੀਵਨ ਬਾਰੇ ਜਾਣਕਾਰੀ ਦਿਉ?

2. ਗੁਰੂ ਅਰਜੁਨ ਸਾਹਿਬ ਜੀ ਦੇ ਤਖ਼ਤ ਤੇ ਬਿਰਾਜਮਾਨ ਹੋਣ ਨਾਲ ਪ੍ਰਿਥੀਚੰਦ ਨੇ ਕਿਉਂ ਵਿਰੋਧਤਾ ਕੀਤੀ। ਵਿਰੋਧਤਾ ਦੇ ਕਾਰਣ ਦਿਉ?

3. ਸੰਖੇਪ ਨੋਟ ਲਿਖੋ?

(ੳ) ਛੇਹਰਟਾ ਸਾਹਿਬ ਕਿਉਂ ਸਥਾਪਤ ਕੀਤਾ ਗਿਆ?

(ਅ) ਅਜ਼ੀਮ ਖ਼ਾਨ ਕੌਣ ਸੀ ਅਤੇ ਉਸਦੀ ਸਿੱਖ ਕੌਮ ਨੂੰ ਕੀ ਦੇਣ ਹੈ?

(ੲ) ਗੁਰੂ ਸਾਹਿਬ ਜੀ ਦੀ ਸ਼ਹੀਦੀ ਦੇ ਕਾਰਣ ਲਿਖੋ?

4. ਅੱਜ ਦੀ ਮਾਤਾ ਨੂੰ ਮਾਤਾ ਨਾਨਕੀ ਜੀ ਦੇ ਜੀਵਨ ਤੋਂ ਕੀ ਸੇਧ ਮਿਲਦੀ ਹੈ?

5. ਗੁਰੂ ਸਾਹਿਬ ਦੇ ਪ੍ਰਚਾਰ ਦੌਰਿਆਂ ਬਾਰੇ ਵਿਸਥਾਰ ਨਾਲ ਲਿਖੋ?

6. ਇਸ ਸਾਖੀ ਵਿਚ ਗੁਰੂ ਸਾਹਿਬ ਜੀ ਦੀ ਸ਼ਖਸ਼ੀਅਤ ਕਿਵੇਂ ਉਭਰਦੀ ਹੈ?

7. ਭਾਈ ਮੰਝ ਜੀ ਵਿਚ ਤਬਦੀਲੀ ਕਿਵੇਂ ਆਈ ਅਤੇ ਉਸਨੇ ਸਮਾਜ ਦੀ ਪ੍ਰਵਾਹ ਨਾ ਕਰਦੇ ਹੋਏ ਸਿੱਖੀ ਨੂੰ ਕਿਵੇਂ ਵਧਾਇਆ ?

8. ਸੰਗਤ ਦੇ ਅਸਰ ਨਾਲ ਮਨੁੱਖੀ ਮਨ ਵਿਚ ਕਿਵੇਂ ਤਬਦੀਲੀਆਂ ਆਉਂਦੀਆਂ ਹਨ?

9. ਸਾਨੂੰ ਇਸ ਸਾਖੀ ਤੋਂ ਕੀ ਸਿਖਿਆ ਮਿਲਦੀ ਹੈ?

10. ਨਵਾਬ ਕਪੂਰ ਸਿੰਘ ਜੀ ਦਾ ਜੀਵਨ, ਪ੍ਰਾਪਤੀਆਂ ਅਤੇ ਕੌਮ ਨੂੰ ਉਨ੍ਹਾਂ ਦੀ ਦੇਣ

ਬਾਰੇ ਸੰਖੇਪ ਰੂਪ ਵਿਚ ਲਿਖੋ?

11. ਸਾਨੂੰ ਉਨ੍ਹਾਂ ਦੇ ਜੀਵਨ ਤੋਂ ਕੀ ਸਿੱਖਿਆ ਮਿਲਦੀ ਹੈ?

12. ਮੌਜੂਦਾ ਹਾਲਤਾਂ ਅੰਦਰ ਜੋ ਮਨੁੱਖਤਾ ਨੂੰ ਢਾਹ ਲੱਗੀ ਹੈ। ਉਸ ਨੂੰ ਸੁਆਰਨ ਤੇ ਸ਼ਿੰਗਾਰਨ ਲਈ ਇਹ ਸਾਖੀ ਕੀ ਅਗਵਾਈ ਦਿੰਦੀ ਹੈ?

13. ਗੁਰੂ ਕੌਣ ਹੈ? ਗੁਰਬਾਣੀ ਪ੍ਰਮਾਣ ਸਹਿਤ ਲਿਖੋ?

14. ਸ਼ਬਦ ਗੁਰੂ ਦੇ ਸਿਧਾਂਤ ਬਾਰੇ ਵਿਚਾਰ ਦਿਓ?

15. ਗੁਰੂ ਦੀ ਲੋੜ ਕਿਉਂ ਹੈ? ਬਿਆਨ ਕਰੋ?

16. 'ਗੁਰਦੁਆਰੇ' ਸਿੱਖੀ ਦੇ ਸੋਮੇ ਹਨ? ਵਿਸਥਾਰ ਨਾਲ ਵਰਣਨ ਕਰੋ?

17. ਗੁਰਬਾਣੀ ਦੇ ਪਾਠ, ਕੀਰਤਨ, ਕਥਾ ਦੇ ਮਹੱਤਤਾ ਦੱਸੋ?

18. ਹਰੇਕ ਸ਼ਬਦ ਵਿਚ ਆਏ ਪ੍ਰਮੁੱਖ ਸਿਧਾਤਾਂ ਅਤੇ ਗੁਰਉਪਦੇਸ਼ਾਂ ਦਾ ਵਰਣਨ ਆਪਣੇ ਸ਼ਬਦਾਂ ਵਿਚ ਕਰੋ?

19. ਤਣਾਉ ਭਰੇ ਜੀਵਨ ਵਿਚੋਂ ਕਿਵੇਂ ਨਿਕਲੀਏ? ਵਰਣਨ ਕਰੋ?

20. ਸਵੈ-ਵਿਸ਼ਵਾਸ਼ ਕਿਉਂ ਜ਼ਰੂਰੀ ਹੈ। ਕਿਵੇਂ ਪੈਦਾ ਕੀਤਾ ਜਾ ਸਕਦਾ ਹੈ?

21. ਇੱਛਾ ਸ਼ਕਤੀ ਪੈਦਾ ਕਰਨ ਲਈ ਕਿਹੜੇ ਗੁਣ ਪੈਦਾ ਕਰਨੇ ਜ਼ਰੂਰੀ ਹਨ?

***